Punjabi Parwaz

# ਪੰਜਾਬੀ ਪਰਵਾਜ਼

ਅੰਕ ਤੀਜਾ: 24 ਜੂਨ 2023 (ਸ਼ਿਕਾਗੋ)

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com

## ਵਿਹੁ ਭਰੇ ਬੋਲ...

ਜਦੋਂ ਵੱਡੇ ਕੱਦ ਵਾਲਾ ਕੋਈ ਸ਼ਖਸ ਹਲਕੇ ਪੱਧਰ ਦੀ ਗੱਲ ਕਰੇ ਤਾਂ ਉਹ ਆਪਣੇ ਅੰਦਰਲੇ ਬੌਣੇਪਣ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ; ਬੇਸ਼ਕ ਉਹ ਸਿਆਸੀ ਜਾਂ ਸਮਾਜਿਕ ਤੇ ਭਾਈਚਾਰਕ ਤੌਰ ਉੱਤੇ ਕੋਈ ਰੁਤਬਾ ਹੀ ਕਿਉਂ ਨਾ ਰੱਖਦਾ ਹੋਵੇ! ਕੁੱਝ ਕਥਿਤ ਕੱਦਾਵਰ ਸਿਆਸਤਦਾਨਾਂ ਨੇ ਆਪਣੀ ਬੋਲਬਾਣੀ ਵਿੱਚ ਜਿਸ ਕਿਸਮ ਦੀ ਸੋਚ ਦਾ ਪ੍ਰਗਟਾਵਾ ਬੇਸ਼ਰਮੀ ਨਾਲ ਕੀਤਾ ਹੈ, ਬੌਧਿਕ ਹਲਕਿਆਂ ਵਿਚ ਤਾਂ ਉਸ ਦੀ ਚਰਚਾ ਹੋਣੀ ਹੀ ਸੀ, ਆਮ ਵੋਟਰਾਂ ਤੱਕ ਵੀ ਇਹ ਗੱਲ ਇਸ ਅਰਥ ਨਾਲ ਪਹੁੰਚੀ ਹੈ ਕਿ ਸੱਤਾ ਦੇ ਕੇਂਦਰੀ ਪਹਿਲੂਆਂ ਤੱਕ ਰਸਾਈ ਨਾ ਹੋਣ ਕਾਰਨ 'ਵੱਡੇ ਘਰਾਣਿਆਂ' ਨੂੰ ਲੱਗਿਆ ਸੇਕ ਹੀ ਜ਼ੁਬਾਨ ਰਾਹੀਂ ਬਾਹਰ ਨਿਕਲ ਰਿਹਾ ਹੈ। ਵਿਚਾਰਧਾਰਕ ਮੰਥਨ ਕਰਨ ਦੀ ਥਾਂ ਮੂਹਰਲੀਆਂ ਸਫ਼ਾਂ ਦੇ ਜ਼ਿਆਦਾਤਰ ਆਗੂ ਆਪੋ-ਆਪਣੀਆਂ ਤਕਰੀਰਾਂ ਜਾਂ ਵਿਚਾਰਾਂ ਵਿੱਚ ਵਿਰੋਧੀ ਧਿਰਾਂ ਲਈ ਗ਼ੈਰ-ਮਿਆਰੀ ਸ਼ਬਦਾਵਲੀ ਵਰਤ ਰਹੇ ਹਨ। ਇਸ ਬਾਬਤ ਲਗਪਗ ਸਾਰੀਆਂ ਧਿਰਾਂ ਇੱਕੋ ਜਿਹੀ ਪਹੁੰਚ ਅਪਣਾ ਕੇ ਚਲ ਰਹੀਆਂ ਹਨ। ਗੰਭੀਰ ਮੁੱਦਿਆਂ ਉੱਤੇ ਆਪਸੀ ਗੱਲਬਾਤ ਰਾਹੀਂ ਸੂਬਾ ਤੇ ਲੋਕ ਪੱਖੀ ਪਹੁੰਚ ਪ੍ਰਤੀ ਬੇਰੁਖ਼ੀ ਦਾ ਰੁਝਾਨ ਅਤਿ ਮੰਦਭਾਗਾ ਹੈ। ਇਸ ਦੇ ਉਲਟ ਤਕਰੀਰਾਂ ਸਮੇਤ ਭਾਈਚਾਰਕ ਅਤੇ ਸਮਾਜਿਕ ਗੱਲਬਾਤ ਵਿੱਚ ਵੀ ਨਿੱਜੀ ਦੂਸ਼ਣਬਾਜ਼ੀਆਂ ਹਾਵੀ ਹਨ। ਆਪਣੀ ਪਾਰਟੀ ਜਾਂ ਦਲ ਦੇ ਪਸੰਦੀਦਾ ਆਗੂ ਦੇ ਮੂੰਹੋਂ ਦੂਜੀ ਧਿਰ ਦੇ ਖਿਲਾਫ ਗ਼ੈਰ-ਇਖ਼ਲਾਕੀ ਅਤੇ ਗ਼ੈਰ-ਮਿਆਰੀ ਗੱਲਾਂ ਦੇ ਚਟਕਾਰੇ ਲੈਣ ਵਾਲੇ ਸਮਰਥਕਨੁਮਾ ਲੋਕ ਵੀ ਇਸ ਦਾ ਹਿੱਸਾ ਹਨ। ਇਹ ਹਾਲਾਤ ਦੀ ਸਿਤਮਜ਼ਰੀਫ਼ੀ ਹੀ ਹੈ ਕਿ ਸਿਆਸੀ ਸ਼ਰੀਕਾਂ ਵੱਲੋਂ ਇੱਕ-ਦੂਜੇ ਪ੍ਰਤੀ ਘਟੀਆ ਦਰਜੇ ਦੇ ਵਰਤੇ ਸ਼ਬਦਾਂ ਉੱਤੇ ਠਹਾਕੇ ਮਾਰ-ਮਾਰ ਹੱਸ ਲੈਣ ਵਾਲੀ ਬਿਰਤੀ ਦੇ ਸਮਰਥਕ ਦਿਨੋਂ-ਦਿਨ ਵਧ ਰਹੇ ਹਨ।

ਹਾਲ ਦੀ ਘੜੀ ਜੇ ਇਹ ਕਹਿ ਲਿਆ ਜਾਵੇ ਕਿ ਰਵਾਇਤੀ ਸਿਆਸਤ ਬੀਤੇ ਦੀ ਬਾਤ ਬਣ ਗਈ ਹੈ ਤਾਂ ਬਹੁਤ ਹੈਰਾਨ-ਪ੍ਰੇਸ਼ਾਨ ਕਰਨ ਵਾਲੀ ਗੱਲ ਨਹੀਂ; ਕਿਉਂਕਿ ਸੱਤਾ ਪ੍ਰਾਪਤੀ ਲਈ ਅਤੇ ਸੱਤਾ ਉੱਤੇ ਬਣੇ ਰਹਿਣ ਲਈ ਸਿਰਜੇ ਜਾ ਰਹੇ ਤਲਖੀਆਂ ਵਾਲੇ ਮਾਹੌਲ ਵਿੱਚ ਸਭ ਦੇ ਆਪੋ-ਆਪਣੇ ਫ਼ਲਸਫ਼ੇ ਹਨ। ਇਸ ਮਾਹੌਲ ਵਿਚ ਦਰੁਸਤ ਸਿਆਸੀ ਸੇਧ/ਸਮਝ ਲਗਪਗ ਗੁੰਮ ਹੈ। ਖ਼ੈਰ! ਸਿਆਸਤ ਵਿਚ ਤਾਂ ਜ਼ਿਆਦਾਤਰ ਵਿਹੁ ਭਰੀਆਂ ਤਨਜਾਂ ਦਾ ਬੋਲਬਾਲਾ ਰਿਹਾ ਹੀ ਹੈ। ਜਿਸ ਤਰ੍ਹਾਂ ਪਿਆਰ ਅਤੇ ਜੰਗ ਵਿਚ ਸਭ ਜਾਇਜ਼ ਹੈ, ਫਿਰ ਸਿਆਸੀ ਪਿੜ ਵਿਚ ਕੋਈ ਪਿੱਛੇ ਰਹੇ ਵੀ ਕਿਉਂ? ਸ਼ਾਬਦਿਕ ਹਥਿਆਰਾਂ ਦੇ ਜ਼ਰੀਏ ਸਿਆਸਤਦਾਨਾਂ ਵੱਲੋਂ ਫ਼ਿਜ਼ਾ ਵਿੱਚ ਜਿਸ ਤਰ੍ਹਾਂ ਦਾ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ, ਇਸ ਤੋਂ ਇੱਕ ਗੱਲ ਸਪਸ਼ਟ ਹੈ ਕਿ ਬਹੁਤਿਆਂ ਨੂੰ ਸੱਭਿਅਕ ਬੋਲੀ ਸ਼ੈਲੀ ਦੀ ਪਰਵਾਹ ਰਹਿ ਨਹੀਂ ਗਈ। ਸਿਆਸਤ ਵਿੱਚ ਇੱਕ-ਦੂਜੇ ਪ੍ਰਤੀ ਵਰਤੇ ਜਾਂਦੇ ਵਿਹੁ ਨਾਲ ਲਬਾਲਬ ਬੋਲਾਂ ਪਿੱਛੇ ਅਸਲ ਮਕਸਦ ਸਿਰਫ ਸਾਹਮਣੇ ਵਾਲੀ ਧਿਰ ਨੂੰ ਨੀਵਾਂ ਦਿਖਾਉਣਾ ਹੈ ਜਾਂ ਗਹਿਰ-ਗੰਭੀਰ ਮੁੱਦਿਆਂ ਉੱਤੇ ਬਹਿਸ-ਮੁਬਾਹਿਸੇ ਕਰਨ ਤੋਂ ਟਾਲਾ ਵੱਟਣਾ ਹੈ? ਜਦੋਂ ਤੱਕ ਪੰਜਾਬ ਵਾਸੀ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਨਗੇ, ਉਦੋਂ ਤੱਕ ਉਨ੍ਹਾਂ ਨੂੰ ਵੀ ਸਿਆਸਤਦਾਨਾਂ ਦੀ ਕਥਿਤ ਖਹਿਬਾਜ਼ੀ ਵਿੱਚੋਂ ਸਵਾਦ ਆਉਂਦਾ ਰਹੇਗਾ; ਕਿਉਂਕਿ ਮਾਹੌਲ ਹੀ ਇਸ ਕਿਸਮ ਦਾ ਬਣਾ ਦਿੱਤਾ ਗਿਆ ਹੈ ਕਿ ਸਿਆਸੀ ਖੇਡਾਂ ਦੇਖਦੇ ਬਹੁਗਿਣਤੀ ਲੋਕਾਂ ਦੀ ਸੋਚ ਵੀ ਉਸੇ ਅਨੁਕੂਲ ਹੋ ਗਈ ਹੈ।

ਦਰਅਸਲ ਆਮ ਜ਼ਿੰਦਗੀ ਵਿੱਚ ਵੀ ਜਦੋਂ ਕੋਈ ਸ਼ਖਸ ਆਪਣਾ ਏਕਾਧਿਕਾਰ ਟੁੱਟਣ ਦਾ ਕਥਿਤ ਤੌਰ 'ਤੇ ਡਰ ਮਹਿਸੂਸ ਕਰੇ ਤਾਂ ਉਹ ਆਪਣਾ ਏਕਾਧਿਕਾਰ ਕਾਇਮ ਰੱਖਣ ਲਈ ਅੱਕਾਂ ਵਿੱਚ ਡਾਂਗਾਂ ਮਾਰਨ ਵਾਂਗ ਇੱਧਰ-ਉੱਧਰ ਦੀਆਂ ਸਾਜ਼ਿਸ਼ਾਂ ਘੜਨ ਅਤੇ ਤਨਜ ਭਰੇ ਬੋਲਾਂ ਦਾ ਸਹਾਰਾ ਲੈ ਕੇ ਆਪਣੀ ਭੜਾਸ ਕੱਢਣ ਨੂੰ ਤਰਜੀਹ ਦੇਣ ਲੱਗ ਪੈਂਦਾ ਹੈ। ਸਿਆਸੀ ਖੇਤਰ ਵਿੱਚ ਇਸ ਕਿਸਮ ਦੇ ਸਾੜੇ ਦਾ ਦਾਇਰਾ ਵਸੀਹ ਹੈ, ਤੇ ਹੈ ਵੀ ਖ਼ਤਰਨਾਕ ਕਿਸਮ ਦਾ! ਪਿੱਛਲਝਾਤ ਮਾਰੀਏ ਤਾਂ ਭੜਕਾਹਟ ਵਿਚ ਆਏ ਨਵੇਂ-ਪੁਰਾਣੇ ਸਿਆਸੀ ਲੋਕ ਹੱਦ ਦਰਜੇ ਦੀ ਗੰਦੀ ਸ਼ਬਦਾਵਲੀ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਆਮ ਜਲਸਿਆਂ, ਰੈਲੀਆਂ ਵਿੱਚ ਵੀ ਅਤੇ ਪੰਜਾਬ ਵਿਧਾਨ ਸਭਾ ਦੇ ਇਜਲਾਸਾਂ ਵਿੱਚ ਵੀ ਅਜਿਹਾ ਵਰਤਾਰਾ ਲੋਕ ਕਈ ਵਾਰ ਦੇਖ-ਸੁਣ ਚੁੱਕੇ ਹਨ। ਆਪਣੀ ਸਿਆਸੀ ਪੈਂਠ ਦੇ ਮੱਦੇਨਜ਼ਰ ਸਿੱਧੇ-ਅਸਿੱਧੇ ਤੌਰ ਉਤੇ ਧਮਕੀਆਂ ਦੇਣ ਲਈ ਹਰ ਹਰਬਾ ਵਰਤਿਆ ਜਾਣਾ ਕੋਈ ਅਲੋਕਾਰੀ ਗੱਲ ਨਹੀਂ। ਇਹ ਹੰਕਾਰ ਦੀ ਕਿਸਮ ਹੈ। ਵੈਸੇ ਤਾਂ ਕੋਈ ਕਿਸੇ ਦੇ ਬੋਲਣ ਉੱਤੇ ਪਾਬੰਦੀ ਨਹੀਂ ਲਾ ਸਕਦਾ, ਪਰ ਸਵਾਲ ਇਹ ਹੈ ਕਿ ਇਸ ਗ਼ੈਰ-ਇਖ਼ਲਾਕੀ ਵਰਤਾਰੇ ਨੂੰ ਨਕੇਲ ਪਵੇ ਕਿਵੇਂ?

*-ਕੁਲਜੀਤ ਦਿਆਲਪੁਰੀ*

## ਵਿਧਾਨ ਸਭਾ ਵਿੱਚ ਭਗਵੰਤ ਮਾਨ ਦਾ 'ਟ੍ਰਿਪਲ ਸ਼ਾਟ'

**ਕਮਲਜੀਤ ਸਿੰਘ ਬਣਵੈਤ**
**ਫੋਨ: +91-98147-34035**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿਧਾਨ ਸਭਾ ਨੇ ਤਿੰਨ ਬਹੁਤ ਹੀ ਮਹੱਤਵਪੂਰਨ ਬਿੱਲ ਵਿਚ ਪਾਸ ਕੀਤੇ ਹਨ। ਇੱਕ ਨੂੰ ਛੱਡ ਕੇ ਦੂਜੇ ਦੋ ਬਿੱਲਾਂ ਉੱਤੇ ਸਰਬਸੰਮਤੀ ਨਾਲ ਮੋਹਰ ਲੱਗੀ ਹੈ। ਕਾਂਗਰਸ ਪਾਰਟੀ ਮੁੱਦਿਆਂ ਉੱਤੇ ਬਹਿਸ ਨਾ ਕਰਨ ਦਾ ਇਲਜ਼ਾਮ ਲਾ ਕੇ ਵਿਧਾਨ ਸਭਾ ਵਿੱਚੋਂ ਸ਼ੁਰੂ ਵਿੱਚ ਬਾਹਰ ਚਲੇ ਗਈ ਸੀ। ਭਾਰਤੀ ਜਨਤਾ ਪਾਰਟੀ ਦੇ ਦੋ ਵਿਧਾਇਕਾਂ ਨੇ ਸਦਨ ਦਾ ਬਾਈਕਾਟ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਤਿੰਨ ਵਿਧਾਇਕਾਂ ਨੇ ਇਸ ਵਾਰ ਭਰਵੀਂ ਹਾਜ਼ਰੀ ਲਵਾਈ। ਉਨ੍ਹਾਂ ਨੇ ਗੁਰਦੁਆਰਾ ਸੋਧ ਐਕਟ ਦਾ ਵਿਰੋਧ ਕੀਤਾ ਅਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਲਮਿਲ ਕੇ ਰਾਹ ਕੱਢਣ ਦਾ ਸੁਝਾਅ ਵੀ ਦੇ ਦਿੱਤਾ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਪੀਲ ਦਾ ਵਾਸਤਾ ਵੀ ਪਾਇਆ ਸੀ।

ਪੰਜਾਬ ਵਿਧਾਨ ਸਭਾ ਵੱਲੋਂ ਪਾਸ ਬਿੱਲ ਕਾਨੂੰਨ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਅੰਤਿਮ ਪ੍ਰਵਾਨਗੀ ਲਈ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਕੋਲ ਜਾਣਗੇ। ਰਾਜਪਾਲ ਕੋਲ ਬਿੱਲਾਂ ਨੂੰ ਰੋਕਣ ਜਾਂ ਇਸ ਨੂੰ ਰਾਸ਼ਟਰਪਤੀ ਕੋਲ ਭੇਜਣ ਦਾ ਅਖਤਿਆਰ ਰਾਖਵਾਂ ਹੈ। ਰਾਜਪਾਲ ਦੇ ਅਧਿਕਾਰਾਂ ਤੇ ਕੈਂਚੀ ਫਿਰਨ ਵਾਲੇ ਇਨ੍ਹਾਂ ਬਿੱਲਾਂ ਨੂੰ ਉਹ ਕਿਵੇਂ ਲੈਂਦੇ ਹਨ, ਸਮੇਂ ਉੱਤੇ ਛੱਡਣਾ ਬਿਹਤਰ ਹੈ। ਉਂਝ ਭਗਵੰਤ ਮਾਨ ਨੇ ਰਾਜਪਾਲ ਨੂੰ ਚੰਗੇ ਰਗੜੇ ਲਾਏ ਹਨ। ਬਖਸ਼ਿਆ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਵੀ ਨਹੀਂ ਹੈ। ਮੁੱਖ ਮੰਤਰੀ ਅਤੇ ਉਨ੍ਹਾਂ ਦੇ ਵਿਧਾਇਕ ਸਾਥੀਆਂ ਵੱਲੋਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਬਾਰੇ ਵਰਤੀ ਗਈ ਸ਼ਬਦਾਵਲੀ ਨੂੰ ਪਸੰਦ ਨਹੀਂ ਕੀਤਾ ਜਾ ਰਿਹਾ ਹੈ। ਭਾਸ਼ਣਾਂ ਤੋਂ ਇੱਕ ਗੱਲ ਜ਼ਰੂਰ ਸਾਹਮਣੇ ਆਈ ਹੈ ਕਿ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੂੰ ਪ੍ਰਸ਼ਾਸਨ ਚਲਾਉਣ ਦਾ ਕਾਫੀ ਤਜ਼ਰਬਾ ਹੋਇਆ ਹੋ ਗਿਆ ਹੈ। ਗੱਲਾਂ ਨੂੰ ਲਪੇਟ ਕੇ ਛੱਡਣ 'ਚ ਤਾਂ ਉਹ ਪਹਿਲਾਂ ਤੋਂ ਹੀ ਮਾਹਿਰ ਹਨ।

ਗੁਰਦੁਆਰਾ ਐਕਟ 1925 ਵਿਚ ਸੋਧ ਕਰਕੇ ਗੁਰਬਾਣੀ ਪ੍ਰਸਾਰਣ ਦੇ ਅਧਿਕਾਰ ਨੂੰ ਦੇਣ ਦਾ ਬਿੱਲ ਪਾਸ ਕੀਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀ.ਟੀ.ਸੀ. ਨਾਲ ਕੀਤਾ ਗਿਆ ਇਕਰਾਰਨਾਮਾ ਜੁਲਾਈ ਵਿਚ ਖਤਮ ਹੋ ਜਾਵੇਗਾ। ਮੁੱਖ ਮੰਤਰੀ ਮਾਂ ਨੇ ਵਿਸ਼ਵ ਭਰ ਵਿਚ ਜੁਲਾਈ ਤੋਂ ਮੁਕਤ ਗੁਰਬਾਣੀ ਪ੍ਰਸਾਰਣ ਦਾ ਦਾਅਵਾ ਕੀਤਾ ਹੈ। ਦੂਜੇ ਬੰਨੇ ਇਤਿਹਾਸਕਾਰ ਸਰਕਾਰ ਦੇ ਇਸ ਕਦਮ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਪਿਰਟ ਦੀ ਉਲੰਘਣਾ ਮੰਨਦੇ ਹਨ। ਇਸ ਨੂੰ ਸਿੱਖਾਂ ਦੇ ਮਾਮਲਿਆਂ ਵਿੱਚ ਵੀ ਸਿਆਸੀ ਦਖਲ ਨਾ ਦਿੱਤਾ ਜਾ ਰਿਹਾ ਹੈ। ਅਸਲ ਵਿੱਚ ਇਸ ਸਾਰੇ ਪੁਆੜੇ ਤੋਂ ਬਚਿਆ ਜਾ ਸਕਦਾ ਸੀ, ਜੇ ਪੀ.ਟੀ.ਸੀ. ਅਦਾਰਾ ਪਹਿਲਾਂ ਹੀ ਆਪਣਾ ਏਕਾਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੰਦਾ। ਹੋਰ ਵੀ ਬਿਹਤਰ ਹੁੰਦਾ, ਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਇਕ ਹਫਤੇ ਦੇ ਦਿੱਤੇ ਨੋਟਿਸ ਦੇ ਅੰਦਰ ਅੰਦਰ ਆਪਣਾ ਚੈਨਲ ਸ਼ੁਰੂ ਕਰ ਦਿੰਦੀ। ਇੱਕ ਸੱਚ ਇਹ ਵੀ ਹੈ ਕਿ ਭਗਵੰਤ ਮਾਨ ਇਨ੍ਹਾਂ ਫੈਸਲਿਆਂ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੀ ਰਹਿੰਦੀ ਖੂੰਹਦੀ ਹੋਂਦ ਵੀ ਖ਼ਤਮ ਕਰਨੀ ਚਾਹੁੰਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਕੇਡਰ ਨੂੰ ਜੋ ਖੋਰਾ ਲੱਗੇਗਾ, ਕੀ ਉਸ ਨਾਲ ਆਮ ਆਦਮੀ ਪਾਰਟੀ ਦੇ ਵਿਹੜੇ ਵਿੱਚ ਰੌਣਕਾਂ ਵਧਣਗੀਆਂ? ਪੰਜਾਬ ਵਿੱਚ ਸਥਾਨਕ ਸਰਕਾਰ ਦੀਆਂ ਚੋਣਾਂ ਸਿਰ 'ਤੇ ਹਨ, ਪਰ ਆਮ ਆਦਮੀ ਪਾਰਟੀ ਦਾ ਕੇਡਰ ਦਾ ਕੋਰਮ ਹਾਲੇ ਬਹੁਤ ਹੀ ਘੱਟ ਹੈ। ਕੁਝ ਵੀ ਹੋਵੇ, ਇਸ ਦਾ ਖਮਿਆਜ਼ਾ ਪੰਜਾਬੀਆਂ ਨੂੰ ਭੁਗਤਣਾ ਪਵੇਗਾ। ਪੰਜਾਬ ਪਹਿਲਾਂ ਜਿਹੇ ਕਾਲੇ ਦੌਰ ਵਿੱਚ ਜਾਣ ਤੋਂ ਡਰਦਾ ਹੈ।

ਦੂਜੇ ਪਾਸੇ ਪੰਜਾਬ ਦੇ ਪੁਲੀਸ ਮੁਖੀ ਦੀ ਨਿਯੁਕਤੀ ਦਾ ਅਧਿਕਾਰ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੇ ਘੇਰੇ ਵਿੱਚੋਂ ਬਾਹਰ ਕੱਢ ਲਿਆ ਗਿਆ ਹੈ। ਇਸ ਸਬੰਧੀ ਕਾਨੂੰਨ ਦਾ ਰੂਪ ਧਾਰਨ ਕਰਨ ਤੋਂ ਪਹਿਲਾ ਰਾਜਪਾਲ ਦੀ ਮਨਜ਼ੂਰੀ ਦੀ ਮੋਹਰ ਲਾਜਮੀ ਹੈ। ਕੇਂਦਰ ਇਸ ਬਿਲ ਨੂੰ ਕਿਵੇਂ ਲੈਂਦਾ ਹੈ, ਇਹ ਇੱਕ ਵਖਰਾ ਸੁਆਲ ਹੈ। ਪੰਜਾਬ ਵਿਧਾਨ ਸਭਾ ਨੇ ਦਿਹਾਤੀ ਵਿਕਾਸ ਫੰਡ ਰਿਲੀਜ਼ ਕਰਨ ਦਾ ਮਤਾ ਪਾਸ ਕਰਦਿਆਂ ਕੇਂਦਰ ਦੇ ਖਿਲਾਫ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਚਿਤਾਵਨੀ ਦਿੱਤੀ ਹੈ।

ਰਾਜਪਾਲ ਦੀ ਥਾਂ ਮੁੱਖ ਮੰਤਰੀ ਨੇ ਸੂਬੇ ਦੀਆਂ ਸਰਕਾਰੀ ਯੂਨੀਵਰਸਿਟੀਆਂ ਦੇ ਚਾਂਸਲਰ ਲਾਉਣ ਬਾਰੇ ਵੀ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਅਤੇ ਰਾਜਪਾਲ ਪੰਜਾਬ ਵਿਚਾਲੇ ਉਪ ਕੁਲਪਤੀ ਲਾਉਣ ਨੂੰ ਲੈ ਕੇ ਇੱਕ ਤੋਂ ਵੱਧ ਵਾਰ ਰੇੜਕਾ ਪੈ ਚੁੱਕਾ ਹੈ।

ਇਸ ਤੋਂ ਪਹਿਲਾਂ ਮਹਾਰਾਸ਼ਟਰ ਦੇ ਉਦੈ ਠਾਕਰੇ ਦੀ ਸਰਕਾਰ ਨੇ ਵੀ ਅਜਿਹਾ ਬਿਲ ਪਾਸ ਕੀਤਾ ਸੀ, ਜੋ ਬਾਅਦ ਵਿੱਚ ਵਾਪਸ ਲੈਣਾ ਪੈ ਗਿਆ ਸੀ। ਪੱਛਮੀ ਬੰਗਾਲ ਨੇ ਵੀ ਰਾਜਪਾਲ ਤੋਂ ਵੱਧ ਚਾਂਸਲਰ ਦੀ ਜ਼ਿੰਮੇਵਾਰੀ ਵਾਪਸ ਲੈਣ ਦਾ ਬਿੱਲ ਪਾਸ ਕਰ ਦਿੱਤਾ ਸੀ, ਜਿਹੜਾ ਕਾਨੂੰਨੀ ਲੜਾਈ ਵਿੱਚ ਫਸ ਕੇ ਰਹਿ ਗਿਆ ਹੈ। ਕੇਰਲ ਸਰਕਾਰ ਨੇ ਵੀ ਰਾਜਪਾਲ ਨੂੰ ਚਾਂਸਲਰ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਕੇਰਲ ਸਰਕਾਰ ਦਾ ਮਤਾ ਕਾਨੂੰਨ ਤਾਂ ਨਹੀਂ ਬਣ ਸਕਿਆ, ਪਰ ਮਾਮਲਾ ਅਦਾਲਤ ਵਿੱਚ ਜ਼ਰੂਰ ਚਲਾ ਗਿਆ ਹੈ। ਤਾਮਿਲਨਾਡੂ ਦੀ ਕਹਾਣੀ ਇਸ


*⇒ ਬਾਕੀ ਸਫਾ 9 ਉਤੇ ਪੜ੍ਹੋ...*

**ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।**

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

# ਅਕਾਲੀ-ਭਾਜਪਾ ਸੰਭਾਵੀ ਸਮਝੌਤਾ ਤੇ ਕੁੱਝ ਅਣ-ਸੁਲਝੇ ਸਵਾਲ




**ਮੌਕੇ ਦੀ ਸਿਆਸਤ ਦਾ ਇੱਕ ਪਹਿਲੂ 'ਗੱਠਜੋੜ ਦੀ ਖੇਡ' ਹੈ ਅਤੇ ਸੱਤਾ ਉਤੇ ਬਣੇ ਰਹਿਣ ਜਾਂ ਸੱਤਾ ਉਤੇ ਕਬਜ਼ੇ ਦੀ ਨੀਅਤ ਨਾਲ ਕੀਤੇ ਜਾਂਦੇ ਗੱਠਜੋੜ ਤੇ ਜੋੜ-ਤੋੜ ਹੁਣ ਆਮ ਸਿਆਸੀ ਵਰਤਾਰਾ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਦਰਮਿਆਨ ਮੁੜ ਗੱਠਜੋੜ ਬਣ ਜਾਣ ਦੀਆਂ ਕਨਸੋਆਂ ਬੜੇ ਚਿਰ ਤੋਂ ਚਰਚਾ ਵਿੱਚ ਹਨ ਤੇ ਹੁਣ ਜਲੰਧਰ ਜਿਮਨੀ ਚੋਣ ਤੋਂ ਪਿਛੋਂ ਗੱਠਜੋੜ ਸਬੰਧੀ ਹੱਲਚੱਲ ਕੁਝ ਵਧੇਰੇ ਗੰਭੀਰਤਾ ਨਾਲ ਹੋਣੀ ਸ਼ੁਰੂ ਹੋ ਗਈ ਹੈ। ਹਥਲੇ ਲੇਖ ਵਿੱਚ ਲੇਖਕ ਨੇ ਪੰਜਾਬ ਦੇ ਮੁੱਦਿਆਂ ਨਾਲ ਜੁੜੇ ਕਈ ਅਹਿਮ ਸਵਾਲ ਉਠਾਏ ਹਨ ਕਿ ਇਹ ਸੰਭਾਵੀ ਗੱਠਜੋੜ ਪੰਜਾਬੀਆਂ ਨਾਲ ਨਿਆਂ ਕਿਵੇਂ ਕਰੇਗਾ ਜਾਂ ਪੰਜਾਬ ਦੇ ਮੁੱਦਿਆਂ ਨੂੰ ਕਿੰਨੀ ਕੁ ਇਮਾਨਦਾਰੀ ਨਾਲ ਉਭਾਰੇਗਾ? ਕੀ ਇਹ ਮਹਿਜ ਸੱਤਾ ਪ੍ਰਾਪਤੀ ਤੱਕ ਹੀ ਸੀਮਤ ਹੈ? 'ਪੰਜਾਬੀ ਪਰਵਾਜ਼' ਕਿਸੇ ਵੀ ਸਿਆਸੀ ਪਾਰਟੀ ਜਾਂ ਦਲ ਦੇ ਗੱਠਜੋੜ ਤੇ ਜੋੜ-ਤੋੜ ਦੇ ਹੱਕ ਜਾਂ ਵਿਰੋਧ ਵਿੱਚ ਨਹੀਂ ਹੈ। ਇਹ ਲੇਖ ਸਿਰਫ ਵਿਚਾਰ-ਚਰਚਾ ਦੇ ਮਕਸਦ ਨਾਲ ਛਾਪਿਆ ਜਾ ਰਿਹਾ ਹੈ।**

**ਚੰਦਰਪਾਲ ਅੱਤਰੀ, ਲਾਲੜੂ**
**ਫੋਨ: +91-78891-11988**



ਭਾਰਤ 'ਚ ਸਾਲ 2024 ਦੀਆਂ ਆਮ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਹਰ ਸਿਆਸੀ ਪਾਰਟੀ ਆਪੋ-ਆਪਣੇ ਪੱਧਰ ਉਤੇ ਅੰਦਰੋਂ-ਅੰਦਰੀਂ ਸਿਆਸੀ ਜੋੜ-ਤੋੜ ਕਰ ਰਹੀ ਹੈ। ਕੇਂਦਰ ਦੀ ਸੱਤਾ ਲਈ ਗੱਠਜੋੜ ਬਣ ਜਾਣ ਬਾਰੇ ਨਿੱਤ ਵਿਚਾਰਾਂ ਹੋ ਰਹੀਆਂ ਹਨ। ਇੱਕ ਪਾਸੇ ਜਿੱਥੇ ਭਾਜਪਾ ਆਪਣੇ ਜੇਤੂ ਕਿਲ੍ਹੇ ਨੂੰ ਬਚਾਉਣ ਲਈ ਸਰਗਰਮ ਹੋ ਗਈ ਹੈ, ਉੱਥੇ ਦੂਜੇ ਪਾਸੇ ਕਾਂਗਰਸ ਤੇ ਹੋਰ ਗੱਠਜੋੜ ਵੀ ਇਸ ਦਿਸ਼ਾ ਵਿੱਚ ਰਣਨੀਤੀਆਂ ਘੜ੍ਹ ਰਹੇ ਹਨ।

ਕੌਮੀ ਪੱਧਰ ਦੇ ਗੱਠਜੋੜਾਂ ਦੇ ਹੋਣ ਜਾਂ ਨਾ-ਹੋਣ ਦੀ ਅਜੇ ਕੋਈ ਪੱਕੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ, ਪਰ ਇਸ ਸਮੇਂ ਸਭ ਤੋਂ ਵੱਧ ਦਿਲਚਸਪ ਤੇ ਧਿਆਨ ਖਿੱਚਦੀ ਖ਼ਬਰ ਅਕਾਲੀ ਦਲ (ਬਾਦਲ) ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਰਮਿਆਨ ਸੰਭਾਵੀ ਸਮਝੌਤਾ ਹੋਣ ਦੀਆਂ ਕਨਸੋਆਂ ਹਨ। ਛਣ-ਛਣ ਕੇ ਆਉਂਦੀਆਂ ਖਬਰਾਂ ਮੁਤਾਬਕ ਦੋਵੇਂ ਪਾਰਟੀਆਂ ਅੰਦਰੋਂ-ਅੰਦਰੀਂ ਸਮਝੌਤੇ ਲਈ ਯਤਨਸ਼ੀਲ ਹਨ, ਪਰ ਸਮੱਸਿਆ ਵੱਡੀ ਤੇ ਛੋਟੀ ਧਿਰ ਦੇ ਮੁੱਦੇ ਉਤੇ ਬਣੀ ਹੋਈ ਹੈ। ਇਸ ਤਰ੍ਹਾਂ ਦੀਆਂ ਕਨਸੋਆਂ ਨਾਲ ਅਕਾਲੀ ਦਲ (ਬਾਦਲ) ਦੀ ਹਾਲੀਆ ਸਹਿਯੋਗੀ ਬਹੁਜਨ ਸਮਾਜ ਪਾਰਟੀ (ਬਸਪਾ) ਥੋੜ੍ਹਾ ਸਕਤੇ ਵਿੱਚ ਹੈ ਅਤੇ ਇਸ ਪਾਰਟੀ ਦੀਆਂ ਇਕੱਲਿਆਂ ਜਾਰੀ ਸਿਆਸੀ ਸਰਗਰਮੀਆਂ ਬਹੁਤ ਹੱਦ ਤੱਕ ਇਸ ਬੇਮੁਖੀ ਦੀ ਪੁਸ਼ਟੀ ਵੀ ਕਰਦੀਆਂ ਹਨ।

ਇਸੇ ਦੌਰਾਨ ਇਸ ਮਾਮਲੇ ਵਿੱਚ ਤਿੰਨੇ ਪਾਰਟੀਆਂ (ਅਕਾਲੀ-ਬਸਪਾ ਤੇ ਭਾਜਪਾ) ਦੇ ਚਿੱਟ-ਕੁੜਤੀਏ ਸਿਆਸੀ ਆਗੂਆਂ ਦਾ ਪੱਖ ਵੱਖੋ-ਵੱਖਰਾ ਹੈ, ਜਦਕਿ ਆਮ ਲੋਕਾਂ ਦੀ ਰਾਇ ਵੱਖਰੀ ਹੈ। ਪਿਛਲੀਆਂ ਸਰਕਾਰਾਂ ਦੌਰਾਨ ਮੌਜਾਂ ਮਾਣ ਚੁੱਕੇ ਇਹ ਮੰਤਰੀ-ਨੁਮਾ, ਵਿਧਾਇਕ, ਚੇਅਰਮੈਨ ਤੇ ਪ੍ਰਧਾਨ-ਨੁਮਾ ਚਿੱਟ-ਕੁੜਤੀਏ ਆਗੂ ਹਰ ਹਾਲ ਵਿੱਚ ਅਕਾਲੀ-ਭਾਜਪਾ ਦਰਮਿਆਨ ਸਮਝੌਤਾ ਹੋਣ ਦੀਆਂ ਉਮੀਦਾਂ ਲਾਈ ਬੈਠੇ ਹਨ ਤੇ ਇਸ ਸਬੰਧੀ ਇਹ ਯਤਨਸ਼ੀਲ ਵੀ ਹਨ। ਇਹ ਉਹੀ ਆਗੂ ਹਨ, ਜੋ ਪਿਛਲੀਆਂ ਸਰਕਾਰਾਂ ਦੇ ਸਮੇਂ ਹਰ ਲੋਕ ਵਿਰੋਧੀ ਫੈਸਲੇ ਨੂੰ ਸਹੀ ਮੰਨਦਿਆਂ ਸੁੱਕੇ ਜੈਕਾਰੇ ਛੱਡਦੇ ਰਹੇ ਹਨ, ਜਦਕਿ ਇਸ ਸੰਭਾਵੀ ਗੱਠਜੋੜ ਦੀਆਂ ਕਨਸੋਆਂ ਨੂੰ ਵੇਖ ਰਹੇ ਆਮ ਲੋਕਾਂ ਦਾ ਕਹਿਣਾ ਹੈ ਕਿ ਹੁਣ ਇਹ ਸਮਝੌਤਾ ਦੁਬਾਰਾ ਕਿਸ ਲਈ ਤੇ ਕਿਉਂ ਹੋਣਾ ਚਾਹੀਦਾ ਹੈ? ਕੀ ਇਹ ਸਮਝੌਤਾ ਮਹਿਜ ਸੱਤਾ ਹਾਸਲ ਕਰਨ ਤੱਕ ਸੀਮਤ ਹੋਣਾ ਚਾਹੀਦਾ ਹੈ ਜਾਂ ਇਸ ਸਮਝੌਤੇ ਵਿੱਚ ਇਸ ਗੱਠਜੋੜ ਵੱਲੋਂ ਪਹਿਲਾਂ ਹੋਈਆਂ ਇਤਿਹਾਸਕ ਗਲਤੀਆਂ ਤੇ ਪੰਜਾਬ ਸਬੰਧੀ ਭਵਿੱਖੀ ਸ਼ਰਤਾਂ ਤੈਅ ਹੋਣੀਆਂ ਚਾਹੀਦੀਆਂ ਹਨ।

ਇਸ ਸੰਭਾਵੀ ਗੱਠਜੋੜ ਦੀਆਂ ਕਨਸੋਆਂ ਬਾਰੇ ਵਿਸਥਾਰਤ ਗੱਲਬਾਤ ਕਰਨ ਤੋਂ ਪਹਿਲਾਂ ਅਕਾਲੀ ਦਲ (ਬਾਦਲ)-ਭਾਜਪਾ ਗੱਠਜੋੜ ਤੇ ਅਕਾਲੀ ਦਲ (ਬਾਦਲ)-ਬਸਪਾ ਗੱਠਜੋੜ ਦੇ ਇਤਿਹਾਸ ਉਤੇ ਇੱਕ ਝਾਤ ਜ਼ਰੂਰੀ ਹੈ। ਅਸਲ ਵਿੱਚ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਬਹੁਤ ਸਾਰੇ ਅਕਾਲੀ ਆਗੂਆਂ ਨੇ ਕਾਂਗਰਸ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਗਦਰੀ ਬਾਬੇ, ਕੂਕੇ ਤੇ ਸੁਤੰਤਰਤਾ ਸੈਨਾਨੀ ਕਾਫ਼ੀ ਹੱਦ ਤੱਕ ਅਕਾਲੀ ਸਿਆਸਤ ਤੇ ਖੱਬੇ ਪੱਖੀ ਸਿਆਸਤ ਵਿੱਚ ਤਾਲਮੇਲ ਬਣਾ ਕੇ ਚੱਲਦੇ ਸਨ। ਆਜ਼ਾਦੀ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਦਾ ਝੁਕਾਅ ਜਨ ਸੰਘ ਵੱਲ ਵੱਧ ਗਿਆ। ਬਹੁਤ ਮਾਮਲਿਆਂ ਵਿੱਚ ਦੋਹਾਂ ਦੀ ਰਾਇ ਇੱਕੋ ਜਿਹੀ ਹੁੰਦੀ ਸੀ। ਇਸ ਤਾਲਮੇਲ ਦੇ ਚੱਲਦਿਆਂ ਹੀ ਸ਼ੁਰੂਆਤੀ ਦੌਰ ਵਿੱਚ ਅਕਾਲੀ ਆਗੂ ਉਸ ਸਮੇਂ ਬੇਹੱਦ ਜ਼ੋਰ ਵਿੱਚ ਮੰਨੀ ਜਾਂਦੀ ਕਾਂਗਰਸ ਪਾਰਟੀ ਨੂੰ ਸੱਤਾ ਵਿਚੋਂ ਬੇਦਖਲ ਕਰਨ ਵਿੱਚ ਕਾਮਯਾਬ ਵੀ ਹੋਏ ਸਨ। ਆਜ਼ਾਦੀ ਤੋਂ ਬਾਅਦ ਅਸਲ ਵਿੱਚ ਕਾਂਗਰਸ ਦੀ ਮੁੱਖ ਵਿਰੋਧੀ ਧਿਰ ਖੱਬੀਆਂ ਪਾਰਟੀਆਂ ਸਨ ਤੇ ਇਸੇ ਕਾਰਨ ਇਹ ਪਾਰਟੀਆਂ ਵੀ ਇਸ ਅਕਾਲੀ ਗੱਠਜੋੜ ਦੇ ਨੇੜੇ ਰਹਿੰਦੀਆਂ ਸਨ। 1980 ਦੇ ਦਹਾਕੇ ਤੱਕ ਅਕਾਲੀ-ਖੱਬੀ ਪੱਖੀ ਤੇ ਜਨਸੰਘ ਵਾਲਾ ਗੱਠਜੋੜ ਕਾਂਗਰਸ ਨੂੰ ਜ਼ਬਰਦਸਤ ਟੱਕਰ ਦਿੰਦਾ ਰਿਹਾ, ਪਰ ਇਸ ਉਪਰੰਤ ਅਕਾਲੀ-ਜਨਸੰਘ ਦੇ ਗੱਠਜੋੜ ਵਿੱਚ ਤਰੇੜ ਆ ਗਈ। ਉਸ ਸਮੇਂ ਜਨਸੰਘ ਦੇ ਬਹੁਤੇ ਆਗੂਆਂ ਨੇ ਕੁੱਝ ਗਰਮ ਖਿਆਲੀਆਂ ਦੇ ਬਹਾਨੇ ਸਾਰੇ ਪੰਜਾਬ ਨੂੰ ਹੀ ਇੱਕ ਪਲੜੇ 'ਚ ਤੋਲ ਦਿੱਤਾ, ਜਦਕਿ ਉਸ ਸਮੇਂ ਦੇ ਅਕਾਲੀ ਆਗੂ ਵੀ ਸਮੇਂ ਦੀ ਸਿਆਸਤ ਦੇ ਹਿਸਾਬ ਨਾਲ ਪ੍ਰੌੜ ਸਾਬਤ ਨਹੀਂ ਹੋਏ। ਇਸ ਸਮੇਂ ਦੌਰਾਨ ਕਾਂਗਰਸ ਨੇ ਬਹੁਤੀ ਸਿਆਣਪ ਨਾ ਵਿਖਾਈ ਤੇ ਕਦਮ-ਦਰ-ਕਦਮ ਲਏ ਗਲਤ ਸਿਆਸੀ ਫੈਸਲਿਆਂ ਕਾਰਨ ਪੰਜਾਬ ਗਰਮ ਖ਼ਿਆਲੀਆਂ ਦੀ ਸਿਆਸੀ ਭੱਠੀ ਵਿੱਚ ਝੁਲਸ ਗਿਆ। ਪਿਛੋਂ 12 ਸਾਲ ਪੰਜਾਬ ਸਹਿਮ ਦੇ ਸਾਏ ਵਿੱਚ ਰਿਹਾ। ਹਿੰਦੂ-ਸਿੱਖ ਦਾ ਪਾੜਾ ਬੇਹਿਸਾਬ ਵੱਧ ਗਿਆ।

ਆਖਰ ਸਾਲ 1996 ਦੀਆਂ ਆਮ ਚੋਣਾਂ ਵਿੱਚ ਅਕਾਲੀ ਦਲ (ਬਾਦਲ) ਤੇ ਬਸਪਾ ਦਾ ਸਮਝੌਤਾ ਹੋ ਗਿਆ। ਇਹ ਉਹ ਸਮਾਂ ਸੀ, ਜਦੋਂ ਅਕਾਲੀ ਦਲ ਪੂਰੀ ਤਰ੍ਹਾਂ ਬਾਦਲ ਗੁੱਟ ਦੇ ਪੱਖ ਵਿੱਚ ਸੀ। ਇਸ ਨਵੇਂ ਗੱਠਜੋੜ ਨੇ ਆਮ ਚੋਣਾਂ ਵਿੱਚ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿੱਚ 11 ਸੀਟਾਂ ਇਸ ਗੱਠਜੋੜ ਨੇ ਜਿੱਤ ਕੇ ਕਾਂਗਰਸ ਤੇ ਹੋਰਨਾਂ ਪਾਰਟੀਆਂ ਨੂੰ ਸਿਆਸੀ ਤੌਰ ਉਤੇ ਪਿੱਛੇ ਧੱਕ ਦਿੱਤਾ। ਇਹ ਗੱਠਜੋੜ ਇਸ ਸਮੇਂ ਆਪਣੇ ਆਪ ਵਿੱਚ ਇੱਕ ਮਿਸਾਲ ਸੀ, ਪਰ ਇਸੇ ਦੌਰਾਨ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿੱਚ ਦੇਸ਼ ਅੰਦਰ ਭਾਜਪਾ ਦਾ ਉਭਾਰ ਹੋਣਾ ਸ਼ੁਰੂ ਹੋ ਗਿਆ। ਗਾਂਧੀ ਪਰਿਵਾਰ ਬੇਹੱਦ ਕਮਜ਼ੋਰ ਹੋ ਚੁੱਕਾ ਸੀ ਤੇ ਅਕਾਲੀ ਦਲ (ਬਾਦਲ) ਦੀ ਨਜ਼ਰ ਸੂਬਾਈ ਸੱਤਾ ਦੇ ਨਾਲ-ਨਾਲ ਕੇਂਦਰ ਦੀ ਸੱਤਾ ਹਾਸਲ ਕਰਨ ਵੱਲ ਸੀ, ਜੋ ਕਿ ਸਿਆਸੀ ਤੌਰ ਉਤੇ ਬਸਪਾ ਨਾਲ ਰਹਿੰਦਿਆਂ ਪੂਰੀ ਹੋਣੀ ਅਸੰਭਵ ਸੀ। ਸੱਤਾ ਦੇ ਇਸ ਮੋਹ ਨੇ ਅਕਾਲੀ-ਬਸਪਾ ਦੇ ਗੱਠਜੋੜ ਨੂੰ ਲੀਰੋ-ਲੀਰ ਕਰ ਦਿੱਤਾ। ਇਹ ਸਮਝੌਤਾ ਤੋੜਨ ਸਮੇਂ ਅਕਾਲੀਆਂ ਨੇ ਤਰਕ ਦਿੱਤਾ ਕਿ ਬਸਪਾ ਕੌਮੀ ਪੱਧਰ ਉਤੇ ਕਾਂਗਰਸ ਵੱਲ ਝੁੱਕ ਰਹੀ ਹੈ ਤੇ ਅਕਾਲੀ ਕਿਸੇ ਵੀ ਸ਼ਰਤ ਉਤੇ ਕਾਂਗਰਸ ਦੀ ਅਧੀਨਗੀ ਸਵੀਕਾਰ ਨਹੀਂ ਕਰ ਸਕਦੇ, ਜਦਕਿ ਦੂਜੇ ਪਾਸੇ ਬਸਪਾ ਆਗੂ ਕਾਂਸੀ ਰਾਮ ਨੇ ਕਿਹਾ ਸੀ ਕਿ ਅਕਾਲੀਆਂ ਨੇ ਕੇਂਦਰੀ ਸੱਤਾ ਦੇ ਮੋਹ ਕਾਰਨ ਸਾਨੂੰ ਧੋਖਾ ਦੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਅਕਾਲੀਆਂ ਨੇ ਭਾਜਪਾ ਨਾਲ ਸਿਆਸੀ ਸਮਝੌਤਾ ਕਰਨ ਵੇਲੇ ਸਾਡੇ ਨਾਲ ਇੱਕ ਵਾਰ ਵੀ ਗੱਲ ਕਰਨੀ ਮੁਨਾਸਿਬ ਨਾ ਸਮਝੀ।

ਹਾਲਾਂਕਿ ਹੁਣ ਇਨ੍ਹਾਂ ਦੋਹਾਂ ਪਾਰਟੀਆਂ ਵਿੱਚ ਸਮਝੌਤਾ ਬਣਿਆ ਹੋਇਆ ਹੈ, ਪਰ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਬਸਪਾ ਵਾਲੇ ਆਪਣੇ ਹਾਸ਼ੀਏ ਉਤੇ ਰਹਿ ਰਹੇ ਲੋਕਾਂ ਦੀ ਗੱਲ ਕਰਨ ਦੀ ਬਜਾਇ ਖ਼ੁਦ ਵੀ ਗਰਮ ਖਿਆਲੀ ਸਿਆਸਤ ਤੇ ਅਕਾਲੀਆਂ ਦਾ ਦਬਾਅ ਮੰਨਣ ਨੂੰ ਤਰਜੀਹ ਦੇ ਰਹੇ ਹਨ। ਹੁਣ ਬੇਹੱਦ ਪੱਛੜੇ ਲੋਕਾਂ ਦੀ ਸਿਆਸਤ ਕਰਨ ਵਾਲੇ ਬਸਪਾ ਆਗੂ ਵੀ ਆਪਣੇ ਨਾਵਾਂ ਅੱਗੇ 'ਭਾਈ' ਸ਼ਬਦ ਲਗਾਉਣ ਨੂੰ ਤਰਜੀਹ ਦੇ ਰਹੇ ਹਨ। ਆਖਰ 1996-97 ਵਿੱਚ ਅਕਾਲੀ ਦਲ (ਬਾਦਲ) ਤੇ ਭਾਜਪਾ ਦਾ ਸਮਝੌਤਾ ਹੋ ਗਿਆ। ਇਸ ਸਮਝੌਤੇ ਤਹਿਤ ਅਕਾਲੀ ਦਲ ਨੇ ਪੂਰੇ 15 ਸਾਲ ਪੰਜਾਬ ਦੀ ਵਾਗਡੋਰ ਸੰਭਾਲੀ। ਉਹ ਪੰਜ ਸਾਲ ਇੱਕ ਵਾਰ ਤੇ ਦਸ ਸਾਲ ਲਗਾਤਾਰ ਦੂਜੀ ਵਾਰ ਸੱਤਾ ਵਿੱਚ ਰਹੇ।

ਇਸੇ ਦਰਮਿਆਨ ਕਾਂਗਰਸ ਵੀ ਦੋ ਵਾਰ ਸੱਤਾ ਵਿੱਚ ਰਹੀ। ਕਾਂਗਰਸ ਦੇ ਸੱਤਾ ਵਿੱਚ ਰਹਿਣ ਵੇਲੇ ਵੀ ਅਕਾਲੀ-ਭਾਜਪਾ ਗੱਠਜੋੜ ਇੱਕਜੁੱਟ ਰਿਹਾ ਹੈ। ਇਸ ਸਮੇਂ ਦੌਰਾਨ ਗੁਜਰਾਤ ਦੰਗਿਆਂ ਦੇ ਰੂਪ ਵਿੱਚ ਘੱਟ ਗਿਣਤੀਆਂ ਵਿਰੁੱਧ ਸਭ ਤੋਂ ਅਹਿਮ ਘਟਨਾ ਵੀ ਵਾਪਰੀ। ਸਾਲ 2004 ਤੋਂ 2014 ਤੱਕ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਰਹੀ ਤੇ ਇਸ ਸਰਕਾਰ ਵਿਰੁੱਧ ਅਕਾਲੀ ਦਲ ਪੂਰੀ ਤਰ੍ਹਾਂ ਭਾਜਪਾ ਦੀ ਹਾਂ ਵਿੱਚ ਹਾਂ ਮਿਲਾਉਂਦਾ ਰਿਹਾ। ਸਾਲ 2014 ਉਪਰੰਤ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਨੇ ਜ਼ਬਰਦਸਤ ਵਾਪਸੀ ਕੀਤੀ ਤੇ ਆਪਣੇ ਹਿੰਦੂਤਵ ਵਾਲੇ ਏਜੰਡੇ ਦਾ ਪਾਸਾਰ ਕੀਤਾ। ਚੰਗੇ-ਮਾੜੇ ਸਭ ਮੁਸਲਮਾਨਾਂ ਨੂੰ ਇੱਕੋ ਤੱਕੜੀ ਵਿੱਚ ਤੋਲ ਦਿੱਤਾ। ਪਾਕਿਸਤਾਨ ਤੇ ਚੀਨ ਖ਼ਿਲਾਫ਼ ਠੋਸ ਰਣਨੀਤੀ ਦੀ ਬਜਾਇ ਵੋਟ ਬਟੋਰੂ ਨੀਤੀ ਅਪਣਾਈ ਗਈ। ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਥਾਂ ਜੰਮੂ-ਕਸ਼ਮੀਰ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ। ਐਨ.ਆਰ.ਸੀ. ਅਤੇ ਸੀ.ਏ.ਏ. ਸਮੇਤ ਸਾਰੇ ਕਾਨੂੰਨ ਉਸ ਸਮੇਂ ਬਣੇ ਜਦੋਂ ਅਕਾਲੀ ਦਲ ਵਾਲੇ ਭਾਜਪਾ ਨਾਲ ਘਿਓ-ਖਿਚੜੀ ਸਨ। ਸਭ ਤੋਂ ਅਹਿਮ ਕਿਸਾਨੀ ਕਾਨੂੰਨ ਸਨ, ਜਿਨ੍ਹਾਂ ਬਾਰੇ ਅਕਾਲੀ ਦਲ ਵਾਲੇ ਸ਼ੁਰੂ ਵਿੱਚ ਭਾਜਪਾ ਨੂੰ ਸਹੀ ਗਰਦਾਨਦੇ ਰਹੇ। ਇਸ ਮਾਮਲੇ ਵਿੱਚ ਅਕਾਲੀ ਦਲ (ਬਾਦਲ) ਨੇ ਕਿਸਾਨੀ ਕਾਨੂੰਨਾਂ ਦੇ ਹੱਕ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀਡੀਓ ਵੀ ਬਣਵਾਈ, ਪਰ ਕਿਸਾਨਾਂ ਨੇ ਜਦੋਂ ਪਿੰਡ ਬਾਦਲ ਹੀ ਤੰਬੂ ਗੱਡ ਦਿੱਤਾ ਤਾਂ ਅਕਾਲੀ ਪਾਰਟੀ ਨੂੰ ਤਰੇਲੀਆਂ ਆ ਗਈਆਂ। ਸਮੇਂ ਸਮੇਂ ਬਣੇ ਹਾਲਾਤ ਕਾਰਨ ਅਕਾਲੀ ਦਲ (ਬਾਦਲ) ਨੂੰ ਇਹ ਗੱਠਜੋੜ ਛੱਡਣਾ ਪਿਆ ਤੇ ਇੱਕ ਵਾਰ ਫਿਰ ਅਕਾਲੀ ਦਲ (ਬਾਦਲ) ਨੇ ਬਸਪਾ ਨਾਲ ਸਮਝੌਤਾ ਕਰ ਲਿਆ। ਇਸ ਵਾਰ ਦੋਹਾਂ ਪਾਰਟੀਆਂ ਨੇ 2022 ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ। ਦੋਹਾਂ ਪਾਰਟੀਆਂ ਤਿੰਨ ਸੀਟਾਂ ਤੱਕ ਸੀਮਤ ਹੋ ਗਈਆਂ। ਇਸ ਉਪਰੰਤ ਸੰਗਰੂਰ ਲੋਕ ਸਭਾ ਦੀ ਚੋਣ ਵਿੱਚ ਅਕਾਲੀ ਦਲ (ਬਾਦਲ) ਆਪਣੀ ਸਾਬਕਾ ਸਹਿਯੋਗੀ ਭਾਜਪਾ ਤੋਂ ਪਿੱਛੇ ਰਹਿੰਦਿਆਂ ਪੰਜਵੇਂ ਨੰਬਰ ਉਤੇ ਰਿਹਾ, ਜਦਕਿ ਜਲੰਧਰ ਜਿਮਨੀ ਚੋਣ ਵਿੱਚ ਇਹ ਮਸਾਂ ਤੀਜੇ ਨੰਬਰ ਉਤੇ ਆਇਆ।

ਇਸ ਤੋਂ ਇਲਾਵਾ ਜੇ ਇਸ ਗੱਠਜੋੜ ਦੇ ਸੂਬਾਈ ਸੱਤਾ ਵਿੱਚ ਰਹਿਣ ਦੌਰਾਨ ਦੀ ਗੱਲ ਕਰੀਏ ਤਾਂ ਨਸ਼ਿਆਂ ਦਾ ਬੇਹਿਸਾਬ ਪਾਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਭ੍ਰਿਸ਼ਟਾਚਾਰ ਤੇ ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਵੱਡੇ ਰੁਝਾਨ ਨੇ ਇਸ ਸਰਕਾਰ ਦੀ ਕਾਰਜਕੁਸ਼ਲਤਾ ਸਵਾਲਾਂ ਦੇ ਘੇਰੇ ਵਿੱਚ ਲਿਆਂਦੀ ਹੈ। ਇਸ ਸਰਕਾਰ ਦੌਰਾਨ ਹੋਏ ਨਸ਼ਿਆਂ ਦੇ ਵਧੇਰੇ ਪਾਸਾਰ ਕਰਨ ਲੋਕ ਆਪਣੇ ਬੱਚਿਆਂ ਨੂੰ ਹਰ ਹਾਲ ਵਿੱਚ ਪੰਜਾਬ ਤੋਂ ਬਾਹਰ ਭੇਜਣਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਕੀ ਪਤਾ ਕੀ ਉਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਬੇਹੱਦ ਦੁਸ਼ਵਾਰੀਆਂ ਭਰਿਆ ਜੀਵਨ ਜਿਉਣ ਲਈ ਮਜਬੂਰ ਹਨ। ਬਹੁਤ ਥਾਂਈਂ ਤਾਂ ਸਾਡੀਆਂ ਧੀਆਂ-ਭੈਣਾਂ ਭਾਂਡਟ ਮਾਂਜ ਕੇ ਤੇ ਸਿਕਿਉਰਿਟੀ ਗਾਰਡ ਦੀ ਨੌਕਰੀ ਕਰ ਕੇ ਆਪਣੀ ਪੜ੍ਹਾਈ ਪੂਰੀ ਕਰ ਰਹੀਆਂ ਹਨ, ਜਦਕਿ ਨੌਜਵਾਨ ਖੇਤਾਂ ਤੇ ਪਸ਼ੂ ਫਾਰਮਾਂ ਵਿੱਚ ਕੰਮ ਕਰ ਰਹੇ ਹਨ। ਇਹ ਸਭ ਗੱਲਾਂ ਇਤਿਹਾਸ ਵਿੱਚ ਦਰਜ ਹੋ ਗਈਆਂ ਹਨ। ਇਸ ਉਪਰੰਤ ਹੁਣ ਅਸੀਂ ਅਕਾਲੀ ਦਲ-ਭਾਜਪਾ ਦੇ ਸੰਭਾਵੀ ਗੱਠਜੋੜ ਦੀਆਂ ਕਨਸੋਆਂ ਨੂੰ ਵਿਚਾਰੀਏ ਤਾਂ ਹਰ ਦਰਦਮੰਦ ਪੰਜਾਬੀ ਦਾ ਮੰਨਣਾ ਹੈ ਕਿ ਜੇ ਹੁਣ ਇਹ ਗੱਠਜੋੜ ਹੋ ਵੀ ਗਿਆ ਤਾਂ ਇਹ ਗੱਠਜੋੜ ਪੰਜਾਬੀਆਂ ਨਾਲ ਨਿਆਂ ਕਿਵੇਂ ਕਰੇਗਾ?

ਕੀ ਇਹ ਗੱਠਜੋੜ ਮਹਿਜ ਸੱਤਾ ਦੀ ਭੁੱਖ ਪੂਰੀ ਕਰਨ ਲਈ ਤਾਂ ਨਹੀਂ ਹੈ?

ਕੀ ਇਹ ਗੱਠਜੋੜ ਕਰਨ ਤੋਂ ਪਹਿਲਾਂ ਅਕਾਲੀ ਦਲ ਆਪਣੇ ਇਸ ਪੁਰਾਣੇ ਸਹਿਯੋਗੀ ਤੋਂ ਕਿਸਾਨ ਅੰਦੋਲਨ ਦੌਰਾਨ ਅਣਆਈ ਮੌਤ ਮਾਰੇ ਗਏ ਪੰਜਾਬੀਆਂ (ਕਿਸਾਨ-ਮਜ਼ਦੂਰ) ਦਾ ਹਿਸਾਬ ਮੰਗੇਗਾ ਜਾਂ ਉਨ੍ਹਾਂ ਦੀਆਂ ਲਾਸ਼ਾਂ ਉਤੇ ਸਿਆਸਤ ਕਰੇਗਾ?

ਕੀ ਇਹ ਸੰਭਾਵੀ ਗੱਠਜੋੜ ਇਸ ਵਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਕਰੇਗਾ ਜਾਂ ਪਹਿਲਾਂ ਵਾਂਗ ਚੁੱਪ ਵੱਟੀ ਰੱਖੇਗਾ?

ਕੀ ਇਹ ਗੱਠਜੋੜ ਇਸ ਵਾਰ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿਵਾਉਣ ਲਈ ਪੰਜਾਬ ਦਾ ਪੱਖ ਲਵੇਗਾ?

ਕੀ ਇਹ ਗੱਠਜੋੜ ਇਸ ਵਾਰ ਵੱਕਾਰੀ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਉਤੇ ਸਾਡੀ ਦਾਅਵੇਦਾਰੀ ਮਜਬੂਤ ਕਰੇਗਾ?

ਕੀ ਇਹ ਗੱਠਜੋੜ ਇਸ ਵਾਰ ਹਿੰਦੂਆਂ ਤੇ ਸਿੱਖਾਂ ਦੀਆਂ ਵੋਟਾਂ ਤੱਕ ਸੀਮਤ ਰਹਿਣ ਦੀ ਬਜਾਇ ਇਨ੍ਹਾਂ ਭਾਈਚਾਰਿਆਂ ਦਰਮਿਆਨ ਆਏ ਵਖਰੇਵਿਆਂ ਨੂੰ ਦੂਰ ਕਰੇਗਾ?

ਕੀ ਇਹ ਗੱਠਜੋੜ ਇਸ ਵਾਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਤੇ ਵਿਗਿਆਨ ਵਿਰੋਧੀ ਡੇਰਾਵਾਦ ਬਾਰੇ ਪਹਿਲਾਂ ਵਾਂਗ ਚੁੱਪ ਹੀ ਰਹੇਗਾ?

ਕੀ ਇਹ ਗੱਠਜੋੜ ਸਤਲੁਜ-ਯਮੁਨਾ ਲਿੰਕ ਸਬੰਧੀ ਠੋਸ ਫੈਸਲਾ ਲਵੇਗਾ?

ਕੀ ਅਸੀਂ ਆਪਣੇ ਨੌਜਵਾਨਾਂ ਤੇ ਧੀਆਂ-ਭੈਣਾਂ ਬਾਰੇ ਇੱਥੇ ਹੀ ਠੋਸ ਨੀਤੀ ਬਣਾ ਪਾਵਾਂਗੇ ਤਾਂ ਜੋ ਉਹ ਪੁਰਾਣੀਆਂ ਫਿਲਮਾਂ ਵਾਂਗ ਭਾਂਡੇ ਮਾਂਜਣ ਤੇ ਚਾਕਰੀ ਵਾਲੀ ਡਿਊਟੀ ਤੋਂ ਖਹਿੜਾ ਛੁਡਾ ਸਕਣ ਅਤੇ ਆਪਣੇ ਸੂਬੇ ਵਿੱਚ ਹੀ ਆਪਣੀ ਯੋਗਤਾ ਮੁਤਾਬਕ ਰੁਜ਼ਗਾਰ ਪ੍ਰਾਪਤ ਕਰ ਸਕਣ?

ਅਸੀਂ ਕਿਸੇ ਸਮਝੌਤੇ ਦੇ ਵਿਰੋਧ ਜਾਂ ਪੱਖ ਵਿੱਚ ਨਹੀਂ, ਪਰ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਜਦੋਂ ਇਹ ਸਿਆਸੀ ਸਮਝੌਤੇ (ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ) ਸਾਡੇ ਸਮੂਹ ਪੰਜਾਬੀਆਂ ਦੇ ਭਵਿੱਖ ਨੂੰ ਪ੍ਰਭਾਵਿਤ ਕਰਦੇ ਹਨ ਤਾਂ ਅਸੀਂ ਇਨ੍ਹਾਂ ਸਮਝੌਤਿਆਂ ਨੂੰ ਵੋਟਾਂ ਤੱਕ ਸੀਮਤ ਕਿਉਂ ਰੱਖੀਏ? ਇਸ ਸੰਭਾਵੀ ਸਮਝੌਤੇ ਦਾ ਵਿਸ਼ੇਸ਼ ਜ਼ਿਕਰ ਇਸ ਲਈ ਵੀ ਕਰਨਾ ਬਣਦਾ ਹੈ ਕਿ ਇਸ ਸਮਝੌਤੇ ਵਿੱਚ ਜਿੱਥੇ ਇੱਕ ਪਾਸੇ ਪੰਜਾਬ ਦੀ ਬਹੁਗਿਣਤੀ ਨੂੰ ਪ੍ਰਣਾਈ ਪੰਜਾਬ ਦੀ ਸਭ ਤੋਂ ਅਹਿਮ ਖੇਤਰੀ ਪਾਰਟੀ ਹੈ, ਉੱਥੇ ਦੂਜੇ ਪਾਸੇ ਸਭਨਾਂ ਦਾ ਸਾਥ ਤੇ ਸਭਨਾਂ ਦਾ ਵਿਕਾਸ ਕਰਨ ਦੇ ਦਾਅਵੇ ਕਰਨ ਵਾਲੀ ਕੌਮੀ ਪਾਰਟੀ ਹੈ। ਉਮੀਦ ਹੈ ਕਿ ਪੰਜਾਬ ਦੇ ਲੋਕ ਅਤੇ ਪਰਦੇਸਾਂ ਵਿੱਚ ਰਹਿੰਦੇ ਪੰਜਾਬੀ ਇਸ ਸੰਭਾਵੀ ਗੱਠਜੋੜ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਇਸ ਗੱਠਜੋੜ ਬਾਰੇ ਇਹ ਸਭ ਕੁੱਝ ਸਪੱਸ਼ਟਤਾ ਨਾਲ ਜਾਣਨ ਦਾ ਯਤਨ ਕਰਨਗੇ। ਜਿੱਤ-ਹਾਰ ਭਵਿੱਖ ਦੀਆਂ ਗੱਲਾਂ ਹਨ, ਪਰ ਪੰਜਾਬ ਤੇ ਪੰਜਾਬੀਅਤ ਸਬੰਧੀ ਨੀਤੀ ਸਾਡੇ ਲਈ ਸਭ ਤੋਂ ਅਹਿਮ ਹੋਣੀ ਚਾਹੀਦੀ ਹੈ।

# ਬੇਅਦਬੀ ਕੇਸ ਅਤੇ ਸਰਕਾਰਾਂ ਦਾ ਰੁਖ

## ਤਿੰਨ ਬੇਅਦਬੀ ਕੇਸ ਨਿਰੰਕਾਰੀ ਕੇਸ ਦੇ ਰਾਹ, ਸਿੱਖ ਚਿੰਤਤ



**ਸਿੱਖਾਂ ਨੇ ਜਦੋਂ ਵੀ ਇਨਸਾਫ਼ ਲਈ ਆਵਾਜ਼ ਬੁਲੰਦ ਕੀਤੀ ਤਾਂ ਸੱਤਾਧਾਰੀਆਂ ਨੇ ਉਨ੍ਹਾਂ ਨੂੰ ਦਬਾਉਣਾ ਵਾਸਤੇ ਜ਼ਰਾਇਮ ਪੇਸ਼ਾ, ਅਤਿਵਾਦੀ ਅਤੇ ਵੱਖਵਾਦੀ ਦੇ ਖ਼ਿਤਾਬ ਨਾਲ ਨਿਵਾਜਿਆ ਤੇ ਦੋ ਵਾਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਪੰਜਾਬ ਦੀ ਕੱਟ-ਵੱਢ ਕੀਤੀ, ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਥਾਂ ਪਾਣੀਆਂ ਉੱਤੇ ਵੀ ਡਾਕਾ ਮਰਿਆ ਹੈ। ਚੌਰਾਸੀ ਦੇ ਕਤਲੇਆਮ, ਅਠੱਤਰ ਦੇ ਨਿਰੰਕਾਰੀ ਕਾਂਡ ਦੌਰਾਨ ਸ਼ਹੀਦ ਹੋਏ ਤੇਰਾਂ ਸਿੰਘਾਂ ਤੇ ਵੱਖ ਵੱਖ ਥਾਂਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਵਿੱਢਣ 'ਤੇ ਇਨਸਾਫ਼ ਨਹੀਂ ਮਿਲ ਰਿਹਾ।**


**ਗੁਰਨਾਮ ਸਿੰਘ ਚੌਹਾਨ**
**ਫੋਨ: +91-94630-37399**




ਭਾਰਤ ਦੀ ਆਜ਼ਾਦੀ ਤੋਂ ਬਾਅਦ ਹੀ ਸੱਤਾ ਸੰਭਾਲਦਿਆਂ ਸਾਰ ਸੱਤਾਧਾਰੀਆਂ ਨੇ ਆਜ਼ਾਦੀ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੀ ਸਿੱਖ ਕੌਮ ਦੀ ਹਸਤੀ ਨੂੰ ਮਿਟਾਉਣ ਅਤੇ ਘਸਿਆਰੇ ਬਣਾ ਕੇ ਰੱਖਣ ਲਈ ਵਿਸ਼ਵਾਸਘਾਤ ਕਰਨਾ ਸ਼ੁਰੂ ਕਰ ਦਿੱਤਾ ਸੀ। ਸੱਤਾ 'ਤੇ ਮੱਕਾਰੀ ਨਾਲ ਕਾਬਜ਼ ਹੋਏ ਲੋਕਾਂ ਨੂੰ ਭਾਵੇਂ ਇਹ ਪਤਾ ਸੀ ਕਿ ਸਿੱਖ ਕੌਮ ਮੁਗਲਾਂ ਅਤੇ ਅੰਗਰੇਜ਼ ਸਾਮਰਾਜ ਦੇ ਜ਼ਬਰ, ਜ਼ੁਲਮ ਤੇ ਅੱਤਿਆਚਾਰ ਅੱਗੇ ਨਹੀਂ ਝੁਕੀ, ਸਗੋਂ ਇਸ ਨੇ ਆਪਣੀ ਵਿਲੱਖਣਤਾ ਦਾ ਇਤਿਹਾਸ ਸਿਰਜ ਕੇ ਦੁਨੀਆਂ ਦੇ ਨਕਸ਼ੇ ਉੱਤੇ ਆਪਣੀ ਥਾਂ ਬਣਾਈ ਹੈ। ਸੱਤਾ ਦੇ ਤਖ਼ਤ ਵੱਲ ਵਧੇ ਕਾਇਰ ਲੋਕਾਂ ਨੇ ਆਪਣੀ ਬੁਜ਼ਦਿਲੀ ਦਾ ਸਬੂਤ ਦਿੰਦਿਆਂ 1947 ਵਿੱਚ ਹੀ ਸੋਚੀ ਸਮਝੀ ਸਾਜ਼ਿਸ਼ ਤਹਿਤ 10 ਲੱਖ ਤੋਂ ਵੱਧ ਸਿੱਖਾਂ ਤੇ ਮੁਸਲਮਾਨਾਂ ਦਾ ਕਤਲੇਆਮ ਕਰਵਾਇਆ। ਆਜ਼ਾਦ ਭਾਰਤ ਦੇ ਸਿੱਖਾਂ ਨੇ ਜਦੋਂ ਵੀ ਇਨਸਾਫ਼ ਲਈ ਆਵਾਜ਼ ਬੁਲੰਦ ਕੀਤੀ ਤਾਂ ਸੱਤਾਧਾਰੀਆਂ ਨੇ ਉਨ੍ਹਾਂ ਨੂੰ ਦਬਾਉਣਾ ਵਾਸਤੇ ਜ਼ਰਾਇਮ ਪੇਸ਼ਾ, ਅਤਿਵਾਦੀ ਅਤੇ ਵੱਖਵਾਦੀ ਦੇ ਖ਼ਿਤਾਬ ਨਾਲ ਨਿਵਾਜਿਆ ਤੇ ਦੋ ਵਾਰ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਪੰਜਾਬ ਦੀ ਕੱਟ-ਵੱਢ ਕੀਤੀ, ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਥਾਂ ਪਾਣੀਆਂ ਉੱਤੇ ਵੀ ਡਾਕਾ ਮਰਿਆ ਹੈ। ਚੌਰਾਸੀ ਦੇ ਕਤਲੇਆਮ, ਅਠੱਤਰ ਦੇ ਨਿਰੰਕਾਰੀ ਕਾਂਡ ਦੌਰਾਨ ਸ਼ਹੀਦ ਹੋਏ ਤੇਰਾਂ ਸਿੰਘਾਂ ਤੇ ਵੱਖ ਵੱਖ ਥਾਂਵਾਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਬਦੀ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਵਿੱਢਣ 'ਤੇ ਇਨਸਾਫ਼ ਨਹੀਂ ਮਿਲ ਰਿਹਾ। ਦੂਸਰੇ ਪਾਸੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੰਗੀਨ ਦੋਸ਼ਾਂ ਤਹਿਤ ਸੁਣਾਈ ਗਈ ਸਜ਼ਾ ਦੇ ਬਾਵਜੂਦ ਕੇਂਦਰ ਤੇ ਹਰਿਆਣਾ ਸਰਕਾਰ ਦੀ ਰਹਿਮਦਿਲੀ 'ਤੇ ਵਾਰ ਵਾਰ ਪੈਰੋਲ ਉਤੇ ਸਾਨਾਰੀਆ ਜੇਲ੍ਹ ਵਿਚੋਂ ਬਾਹਰ ਲਿਆ ਕੇ ਪ੍ਰਚਾਰ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਚੋਰੀ ਕਰਨ, ਭੱਦੀ ਸ਼ਬਦਾਵਲੀ ਵਾਲੇ ਪੋਸਟਰ ਲਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਕੇ ਗਲੀਆਂ ਵਿੱਚ ਖਿਲਾਰਨ ਦੇ ਦੋਸ਼ਾਂ ਤਹਿਤ ਥਾਣਾ ਬਾਜਾਖਾਨਾ ਵਿੱਚ ਦਰਜ ਕੀਤੇ ਤਿੰਨੇ ਕੇਸਾਂ ਦੀ ਸੁਣਵਾਈ ਜੁਡੀਸ਼ੀਅਲ ਮੈਜਿਸਟਰੇਟ ਕੋਰਟ ਫਰੀਦਕੋਟ ਵਿੱਚ ਚੱਲ ਰਹੀ ਸੀ। ਇਨ੍ਹਾਂ ਕੇਸਾਂ ਨੂੰ ਨਿਰੰਕਾਰੀ ਕੇਸ ਵਾਂਗ ਪੰਜਾਬ ਤੋਂ ਬਾਹਰ ਸੁਣਵਾਈ ਲਈ ਲੈ ਕੇ ਜਾਣ ਲਈ ਕੇਂਦਰ ਅਤੇ ਹਰਿਆਣਾ ਸਰਕਾਰ ਦੀ ਕਥਿਤ ਮਿਲੀਭੁਗਤ ਨਾਲ ਡੇਰਾ ਪ੍ਰੇਮੀਆਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਉਚ ਅਦਾਲਤ ਨੇ ਪ੍ਰਵਾਨ ਕਰ ਕੇ ਉਕਤ ਕੇਸਾਂ ਨੂੰ ਫਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਤਬਦੀਲ ਕਰਨ ਦਾ ਫੈਸਲਾ ਦਿੱਤਾ ਹੈ। ਜੇ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਉਕਤ ਪਟੀਸ਼ਨ ਨੂੰ ਸੰਜੀਦਗੀ ਨਾਲ ਹਲਫਨਾਮੇ ਰਾਹੀਂ ਉੱਚ ਅਦਾਲਤ ਨੂੰ ਮੁਲਜ਼ਮਾਂ ਦੀ ਸੁਰੱਖਿਆ ਦਾ ਯਕੀਨ ਦਿਵਾਉਂਦੀ ਤਾਂ ਇਹ ਕੇਸ ਪੰਜਾਬ ਤੋਂ ਬਾਹਰ ਜਾਣ ਦੀ ਸੰਭਾਵਨਾ ਲੱਗਭਗ ਖ਼ਤਮ ਹੋ ਜਾਣੀ ਸੀ, ਪਰ ਭਗਵੰਤ ਮਾਨ ਨੇ ਆਪਸੀ ਦੋਸਤੀ ਵਿੱਚ ਤਰੇੜ ਪੈਣ ਦੇ ਡਰੋਂ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਅੱਖੋਂ ਪਰੋਖੇ ਕਰਕੇ ਇੱਕ ਵਾਰ ਫੇਰ ਸਿੱਖਾਂ ਨਾਲ ਧੋਖਾ ਕੀਤਾ ਹੈ।

ਸਿੱਖਾਂ ਨੂੰ ਜੂਨ ਚੌਰਾਸੀ ਦੀ ਮੁੜ ਤੋਂ ਯਾਦ ਦਿਵਾਉਣ ਵਾਸਤੇ ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿੱਚੋਂ ਦਿਨ ਦਿਹਾੜੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਤੇ ਹੋਰ ਵਿਅਕਤੀਆਂ ਵੱਲੋਂ ਥਾਣਾ ਬਾਜਾਖਾਨਾ ਸ਼ਿਕਾਇਤ ਕਰਨ 'ਤੇ ਪੁਲੀਸ ਨੇ 2 ਜੂਨ ਨੂੰ ਐੱਫ.ਆਈ.ਆਰ. ਦਰਜ ਕੀਤੀ ਸੀ। ਇਸ ਤੋਂ ਪਹਿਲਾਂ 24 ਮਈ 2015 ਨੂੰ ਪਿੰਡ ਬਰਗਾੜੀ ਵਿੱਚ ਇਤਰਾਜ਼ਯੋਗ ਲੱਗਿਆ ਪੋਸਟਰ ਧਿਆਨ ਵਿੱਚ ਆਇਆ ਸੀ, ਜਿਸ ਨੂੰ ਗੁਰਦੁਆਰਾ ਸਾਹਿਬ ਦੇ ਮੈਨੇਜਰ ਕੁਲਵਿੰਦਰ ਸਿੰਘ ਨੇ ਹਟਾ ਦਿੱਤਾ ਸੀ। ਅਕਾਲੀ ਆਗੂ ਗੁਰਚੇਤ ਸਿੰਘ ਢਿੱਲੋਂ ਵੱਲੋਂ ਗੁਰਦੁਆਰਾ ਸਾਹਿਬ ਦੇ ਸਟਾਫ਼ ਨੂੰ ਸੂਚਿਤ ਕਰ ਦਿੱਤੇ ਜਾਣ 'ਤੇ ਵਰਤੀ ਗਈ ਅਣਗਹਿਲੀ ਕਈ ਸਵਾਲ ਪੈਦਾ ਕਰਦੀ ਹੈ। ਹੋ ਸਕਦਾ ਹੈ ਕਿ ਇਸ ਬਾਰੇ ਪੁਲੀਸ ਨੂੰ ਦੱਸਿਆ ਗਿਆ ਹੋਵੇ, ਪਰ ਕੁੱਝ ਕਰਨਾਂ ਕਰਕੇ ਇਹ ਜਾਣਕਾਰੀ ਲੁਕੋਈ ਗਈ ਹੋਵੇ। ਗੁਰੂ ਗ੍ਰੰਥ ਸਾਹਿਬ ਦੇ ਚੋਰੀ ਹੋਣ ਬਾਅਦ ਪੁਲੀਸ ਢਿੱਲ੍ਹ ਨਾ ਵਰਤਦੀ ਤਾਂ ਮੁਲਜ਼ਮ ਫੜੇ ਜਾ ਸਕਦੇ ਸਨ, ਪਰ ਇੱਕ ਦਿਨ ਦਾ ਸਮਾਂ ਪੈਣ ਕਰਕੇ ਸਥਿਤੀ ਗੰਭੀਰ ਹੁੰਦੀ ਗਈ।

25 ਸਤੰਬਰ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚ ਪੀਰ ਦੀ ਸਮਾਧ ਨੇੜੇ ਗੁਰਦੁਆਰਾ ਸਾਹਿਬ ਤੇ ਸਿੱਖਾਂ ਖਿਲਾਫ ਲਿਖੀ ਮਾੜੀ ਸ਼ਬਦਾਵਲੀ ਦੇ ਪੋਸਟਰ ਮਿਲਣ ਦੀ ਘਟਨਾ ਵਾਪਰੀ, ਜਿਨ੍ਹਾਂ ਵਿੱਚ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂਵਾਲਾ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਦਾ ਜ਼ਿਕਰ ਕੀਤਾ ਹੋਇਆ ਸੀ। ਇਸ ਵਿੱਚ ਪੁਲੀਸ ਨੂੰ ਚੈਲੇਂਜ ਕੀਤਾ ਗਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੱਭ ਕੇ ਦਿਖਾਓ, ਜਿਹੜਾ ਪਿੰਡ ਵਿੱਚ ਹੀ ਮੌਜੂਦ ਹੈ। ਇਨ੍ਹਾਂ ਪੋਸਟਰਾਂ ਵਿੱਚ ਡੇਰਾ ਸਿਰਸਾ ਮੁਖੀ ਦੀ ਫਿਲਮ 'ਮੈਸੇਜਰ ਆਫ ਗਾਡ' ਨੂੰ ਰਿਲੀਜ਼ ਨਾ ਕਰਨ ਦੇਣ ਦਾ ਰੋਸ ਵੀ ਸੀ। ਪੋਸਟਰ ਵਿੱਚ ਧਮਕੀ ਦਿੱਤੀ ਗਈ ਸੀ ਕਿ ਗੁਰਬਾਣੀ ਦੇ ਪਾਵਨ ਪੰਨੇ ਗਲੀਆਂ ਵਿੱਚ ਸੁੱਟ ਦਿੱਤੇ ਜਾਣਗੇ। ਪੋਸਟਰਾਂ ਦੀ ਸੂਚਨਾ ਮਿਲਦੇ ਸਾਰ ਮੌਕੇ 'ਤੇ ਆਏ ਐਸ.ਐਚ.ਓ. ਬਾਜਾਖਾਨਾ ਸਬ-ਇੰਸਪੈਕਟਰ ਅਮਰਜੀਤ ਸਿੰਘ ਨੇ ਦੋਵੇਂ ਪੋਸਟਰ ਹਟਾ ਦਿੱਤੇ ਤੇ ਥਾਣਾ ਬਾਜਾਖਾਨਾ ਵਿੱਚ ਐਫ.ਆਈ.ਆਰ. (ਨੰਬਰ 117) ਦਰਜ ਕੀਤੀ ਗਈ ਸੀ।

12 ਅਕਤੂਬਰ 2015 ਨੂੰ ਪਿੰਡ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿੱਚ ਖਿਲਾਰਨ ਦੀ ਘਟਨਾ ਵਾਪਰਨ ਉਪਰੰਤ ਬੇਅਦਬੀ ਦੇ ਇਲਜ਼ਾਮਾਂ ਤਹਿਤ ਥਾਣਾ ਬਾਜਾਖਾਨਾ ਵਿੱਚ ਐੱਫ.ਆਈ.ਆਰ. ਨੰਬਰ 128 ਦਰਜ ਕੀਤੀ ਗਈ। ਹੈਰਾਨੀ ਦੀ ਗੱਲ ਹੈ ਕਿ ਜਦੋਂ ਉਕਤ ਘਟਨਾਵਾਂ ਵਾਪਰੀਆਂ, ਉਸ ਸਮੇਂ ਪੰਜਾਬ ਵਿੱਚ ਪੰਥਕ ਅਖਵਾਉਣ ਵਾਲੀ ਅਕਾਲੀ ਦਲ ਦੀ ਸਰਕਾਰ ਸੀ, ਜਿਸ ਵਿੱਚ ਡਿਪਟੀ ਮੁੱਖ ਮੰਤਰੀ ਤੇ ਗ੍ਰਹਿ ਮੰਤਰਾਲਾ ਸੁਖਬੀਰ ਸਿੰਘ ਬਾਦਲ ਦੇ ਕੋਲ ਹੋਣ ਦੇ ਬਾਵਜੂਦ ਸੰਵੇਦਨਸ਼ੀਲ ਮਾਮਲਿਆਂ ਅਤੇ ਵੱਖ-ਵੱਖ ਸਮੇਂ ਦੀਆਂ ਪ੍ਰਸਥਿਤੀਆਂ ਨਾਲ ਜੂਝਣ ਵਾਲੀ ਸ਼ਕਤੀਸ਼ਾਲੀ ਪੰਜਾਬ ਪੁਲੀਸ ਸਾਢੇ ਚਾਰ ਮਹੀਨਿਆਂ ਵਿੱਚ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਬਰਾਮਦ ਕਰਵਾਉਣ ਵਿੱਚ ਅਸਫ਼ਲ ਰਹੀ, ਜਦਕਿ ਚੋਰਾਂ ਵੱਲੋਂ ਪੋਸਟਰ ਲਾ ਕੇ ਪੁਲੀਸ ਅਤੇ ਆਮ ਲੋਕਾਂ ਨੂੰ ਚੇਤਾਵਨੀ ਵੀ ਦਿੱਤੀ ਗਈ ਸੀ।

ਫਰੀਦਕੋਟ ਜੁਡੀਸ਼ੀਅਲ ਮੈਜਿਸਟਰੇਟ ਅਦਾਲਤ ਵਿੱਚ ਉਕਤ ਤਿੰਨਾਂ ਕੇਸ ਦਾ ਸਾਹਮਣਾ ਕਰਦੇ ਡੇਰਾ ਪ੍ਰੇਮੀ ਸੁਖਜਿੰਦਰ ਸਿੰਘ ਸੰਨੀ, ਸ਼ਕਤੀ ਸਿੰਘ, ਰਣਜੀਤ ਸਿੰਘ ਭੋਲਾ, ਨਿਸ਼ਾਨ ਸਿੰਘ ਅਤੇ ਬਲਜੀਤ ਸਿੰਘ ਆਦਿ ਨੇ 2 ਦਸੰਬਰ 2022 ਨੂੰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਕਿ ਉਨ੍ਹਾਂ ਖਿਲਾਫ ਜੁਡੀਸ਼ੀਅਲ ਮੈਜਿਸਟਰੇਟ ਕੋਰਟ ਫਰੀਦਕੋਟ ਦੀ ਅਦਾਲਤ ਵਿੱਚ ਚਲਦੀ ਸੁਣਵਾਈ ਨੂੰ ਚੰਡੀਗੜ੍ਹ, ਹਰਿਆਣਾ, ਰਾਜਸਥਾਨ, ਦਿੱਲੀ ਜਾਂ ਕਿਸੇ ਹੋਰ ਸੂਬੇ ਵਿੱਚ ਤਬਦੀਲ ਕੀਤੀ ਜਾਵੇ ਤਾਂ ਕਿ ਉਨ੍ਹਾਂ ਵੱਲੋਂ ਭੈਅ-ਮੁਕਤ ਹੋ ਕੇ ਉਕਤ ਕੇਸਾਂ ਨੂੰ ਲੜਿਆ ਜਾ ਸਕੇ। ਪਟੀਸ਼ਨਰਾਂ ਦੀ ਦਲੀਲ ਸੀ ਕਿ ਬੇਅਦਬੀ ਦੇ ਇਲਜ਼ਾਮਾਂ ਵਿੱਚ ਘਿਰੇ ਦੋ ਪ੍ਰੇਮੀਆਂ ਦਾ ਪਹਿਲਾਂ ਕਤਲ ਹੋ ਚੁਕਿਆ ਹੈ।

ਸੁਪਰੀਮ ਕੋਰਟ ਦੀ ਜਸਟਿਸ ਅਨੁਰਾਧਾ ਬੋਸ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਬੈਂਚ ਨੇ 28 ਫਰਵਰੀ 2023 ਨੂੰ ਉਕਤ ਤਿੰਨੇ ਕੇਸਾਂ ਨੂੰ ਜੁਡੀਸ਼ੀਅਲ ਮੈਜਿਸਟਰੇਟ ਕੋਰਟ ਚੰਡੀਗੜ੍ਹ ਬਦਲਣ ਦਾ ਫੈਸਲਾ ਉਸ ਸਮੇਂ ਦਿੱਤਾ, ਜਦੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਪ੍ਰੇਮੀ ਸੁਖਜਿੰਦਰ ਸਿੰਘ ਸੰਨੀ, ਸ਼ਕਤੀ ਸਿੰਘ, ਰਣਜੀਤ ਸਿੰਘ ਭੋਲਾ, ਨਿਸ਼ਾਨ ਸਿੰਘ ਅਤੇ ਬਲਜੀਤ ਸਿੰਘ ਸਮੇਤ 11 ਡੇਰਾ ਪ੍ਰੇਮੀਆਂ ਖਿਲਾਫ਼ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਪਾਵਨ ਅੰਗ ਪਾੜ ਕੇ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਿਖ ਕੇ ਕੰਧਾਂ ਉਤੇ ਲਾਉਣ ਦੇ ਇਲਜ਼ਾਮਾਂ ਤਹਿਤ ਦਰਜ ਤਿੰਨੇ ਕੇਸਾਂ ਦਾ ਚਲਾਨ ਵਿਸ਼ੇਸ਼ ਜਾਂਚ ਟੀਮ ਉਕਤ ਅਦਾਲਤ ਵਿੱਚ ਪੇਸ਼ ਕਰ ਚੁਕੀ ਹੈ। ਇਨ੍ਹਾਂ ਵਿੱਚੋਂ ਮਹਿੰਦਰਪਾਲ ਸਿੰਘ ਬਿੱਟੂ ਦਾ 22 ਜੂਨ 2019 ਨੂੰ ਨਾਭਾ ਜੇਲ੍ਹ ਵਿੱਚ ਹੋਰ ਕੈਦੀਆਂ ਨੇ ਉਸ ਦੇ ਸਿਰ ਵਿੱਚ ਲੋਹੇ ਦੀ ਰਾਡ ਨਾਲ ਹਮਲਾ ਕਰਕੇ ਕਤਲ ਕੀਤਾ ਗਿਆ ਸੀ। ਉਹ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦਾ ਮੈਂਬਰ ਸੀ। ਇਸ ਨੂੰ 2018 ਨੂੰ ਹਿਮਾਚਲ ਦੇ ਪਾਲਮਪੁਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਥੇ ਉਹ ਰੈਸਟੋਰੈਂਟ ਚਲਾ ਰਿਹਾ ਸੀ। ਇਸ ਨੂੰ ਪੰਚਕੂਲਾ ਹਿੰਸਾ ਮਾਮਲੇ ਵਿੱਚ ਵੀ ਨਾਮਜ਼ਦ ਕੀਤਾ ਗਿਆ ਸੀ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਐਸ.ਆਈ.ਟੀ. ਨੇ ਬਿੱਟੂ ਨੂੰ ਬਰਗਾੜੀ ਬੇਅਦਬੀ ਮਾਮਲੇ ਵਿੱਚ ਨਾਮਜ਼ਦ ਕਰਦਿਆਂ ਕਿਹਾ ਸੀ ਕਿ ਬਿੱਟੂ ਦੀ ਬੇਅਦਬੀ ਮਾਮਲੇ ਦਾ ਮੁੱਖ ਸਾਜ਼ਿਸ਼ਕਰਤਾ ਸੀ ਅਤੇ ਉਸ ਵੱਲੋਂ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਅੰਗ ਬਰਗਾੜੀ ਵਿੱਚ ਖਿਲਾਰਨ ਦੇ ਨਾਲ-ਨਾਲ ਦੇਵੀ ਲਾਲ ਰੋਡ ਸਥਿਤ ਡਰੇਨ ਵਿੱਚ ਸੁੱਟੇ ਗਏ ਸਨ। ਖਟੜਾ ਅਨੁਸਾਰ ਬਿੱਟੂ ਨੇ ਤਫਤੀਸ਼ ਦੌਰਾਨ ਮੰਨਿਆ ਸੀ ਕਿ ਉਸ ਨੇ ਇਹ ਸਾਜ਼ਿਸ਼ ਰਚੀ ਸੀ। ਇਸੇ ਤਰ੍ਹਾਂ ਪ੍ਰਦੀਪ ਸਿੰਘ ਦਾ 10 ਨਵੰਬਰ 2022 ਨੂੰ ਕੋਟਕਪੂਰਾ ਵਿੱਚ ਕੁਝ ਵਿਅਕਤੀ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਨ੍ਹਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਡੇਰਾ ਪ੍ਰੇਮੀਆਂ ਨੇ ਕੇਸ ਬਾਹਰ ਲੈ ਕੇ ਜਾਣ ਦੀ ਮੰਗ ਕੀਤੀ ਸੀ।

ਸੁਪਰੀਮ ਕੋਰਟ ਦੇ ਉਕਤ ਫੈਸਲੇ ਮਗਰੋਂ ਸਿੱਖਾਂ ਦੇ ਮਨਾਂ ਅੰਦਰ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਪ੍ਰਤੀ ਗੁੱਸਾ ਉਬਾਲੇ ਖਾ ਰਿਹਾ ਹੈ ਤੇ ਕੇਸਾਂ ਨਾਲ ਸਬੰਧਤ ਗਵਾਹਾਂ ਵਿੱਚ ਨਿਰਾਸ਼ਾ ਹੈ, ਕਿਉਂਕਿ ਉਨ੍ਹਾਂ ਨੂੰ ਗਵਾਹੀ ਦੇਣ ਲਈ ਚੰਡੀਗੜ੍ਹ ਜਾਣਾ ਪਵੇਗਾ, ਜਦਕਿ ਡੇਰਾ ਪ੍ਰੇਮੀਆਂ ਦਾ ਚੰਡੀਗੜ੍ਹ ਨਾਲ ਲੱਗਦੇ ਹਰਿਆਣਾ ਦੇ ਖੇਤਰਾਂ ਵਿੱਚ ਚੰਗਾ ਪ੍ਰਭਾਵ ਹੋਣ ਕਰਕੇ ਉਹ ਗਵਾਹਾਂ ਨੂੰ ਮੁਕਰਾਉਣ ਲਈ ਕੁਝ ਵੀ ਕਰ ਸਕਦੇ ਹਨ। ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਜਿਵੇਂ 1978 ਤੋਂ ਬਾਅਦ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਵੱਲੋਂ ਅੰਮ੍ਰਿਤਸਰ ਦੀ ਅਦਾਲਤ ਤੋਂ ਕੇਸ ਬਦਲਾ ਕੇ ਕਰਨਾਲ ਲੈ ਕੇ ਜਾਣ ਮਗਰੋਂ ਸਾਰੇ ਸਬੂਤ ਹੋਣ ਦੇ ਬਾਵਜੂਦ ਕੇਸ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਮੇਂ ਨਿਰੰਕਾਰੀ ਗੁਰਬਚਨ ਸਿੰਘ ਦੀ ਸਿੱਧੇ-ਅਸਿੱਧੇ ਢੰਗ ਨਾਲ ਤੱਤਕਾਲੀ ਕੇਂਦਰ ਸਰਕਾਰ ਮਦਦ ਕਰ ਰਹੀ ਸੀ। ਹੁਣ ਵੀ ਕੇਂਦਰ ਤੇ ਹਰਿਆਣਾ ਸਰਕਾਰ ਦੇ ਇਸ਼ਾਰਿਆਂ ਉਤੇ ਸੰਗੀਨ ਜੁਰਮਾਂ ਵਿੱਚ ਸਜ਼ਾ ਕੱਟ ਰਿਹਾ ਡੇਰਾ ਸਿਰਸਾ ਮੁਖੀ ਵਾਰ ਵਾਰ ਪੈਰੋਲ 'ਤੇ ਬਾਹਰ ਆ ਕੇ ਵੀਡੀਓ ਕਾਨਫਰੰਸਾਂ ਰਾਹੀਂ ਪ੍ਰੋਗਰਾਮ ਕਰ ਕੇ 2024 ਲਈ ਕਥਿਤ ਤੌਰ 'ਤੇ ਭਾਜਪਾ ਦਾ ਵੋਟ ਬੈਂਕ ਤਿਆਰ ਕਰਨ ਲੱਗਿਆ ਹੋਇਆ ਹੈ। ਮੋਦੀ ਸਰਕਾਰ ਵੀ ਸਿੱਧੇ-ਅਸਿੱਧੇ ਢੰਗ ਨਾਲ ਪ੍ਰੇਮੀਆਂ ਦੀ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਚੱਲਦੇ ਬੇਅਦਬੀ ਕਾਂਡ ਨਾਲ ਜੁੜੇ ਤਿੰਨੇ ਕੇਸਾਂ ਵਿੱਚ ਮੱਦਦ ਕਰਦੀ ਨਜ਼ਰ ਆ ਰਹੀ ਹੈ।

ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਭਗਵੰਤ ਮਾਨ ਸਰਕਾਰ ਨੇ ਕੇਂਦਰ ਨਾਲ ਦੋਸਤੀ ਪੁਗਾਉਣ ਲਈ ਪ੍ਰੇਮੀਆਂ ਵੱਲੋਂ ਸੁਪਰੀਮ ਕੋਰਟ ਵਿੱਚ ਉਕਤ ਕੇਸਾਂ ਨੂੰ ਦੂਸਰੇ ਸੂਬੇ ਵਿੱਚ ਲੈ ਕੇ ਜਾਣ ਸਬੰਧੀ ਪਾਈ ਪਟੀਸ਼ਨ ਨੂੰ ਸੰਜੀਦਗੀ ਨਾਲ ਨਹੀਂ ਲਿਆ। ਭਗਵੰਤ ਮਾਨ ਸਰਕਾਰ ਵੀ ਬਾਦਲ ਅਤੇ ਕੈਪਟਨ ਸਰਕਾਰ ਦੇ ਰਸਤੇ ਚੱਲ ਕੇ ਸਿੱਖ ਭਾਈਚਾਰੇ ਨਾਲ ਵਿਸ਼ਵਾਸਘਾਤ ਕਰ ਰਹੀ ਹੈ। ਕੇਂਦਰ ਨੇ ਪੰਜਾਬ ਸਰਕਾਰ ਵੱਲੋਂ ਉਕਤ ਕੇਸ ਵਿੱਚ ਨਰਮਾਈ ਵਰਤਣ ਬਦਲੇ ਸੁਰੱਖਿਆ ਬਲਾਂ ਦੀਆਂ 18 ਬਟਾਲੀਅਨਾਂ ਅਤੇ ਪੰਜਾਬ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਮੁੱਖ ਮੰਤਰੀ ਤੇ ਰਾਜਪਾਲ ਵਿੱਚ ਕਰਵਾਏ ਗਏ ਸਮਝੌਤਾ ਨੇ ਸਿੱਖ ਭਾਈਚਾਰੇ ਦੇ ਸਾਰੇ ਭਰਮ ਭੁਲੇਖਿਆਂ ਨੂੰ ਦੂਰ ਕਰ ਦਿੱਤਾ ਹੈ।

ਬਹਿਬਲ ਕਲਾਂ ਇਨਸਾਫ਼ ਮੋਰਚਾ ਦੇ ਆਗੂ ਸੁਖਰਾਜ ਸਿੰਘ ਨਿਆਮੀਵਾਲਾ ਨੇ ਸਿਖਰਲੀ ਅਦਾਲਤ ਦੇ ਉਕਤ ਫੈਸਲੇ ਨੂੰ ਨਿਰਾਸ਼ਾਜਨਕ ਕਰਾਰ ਦਿੱਤਾ ਹੈ ਤੇ ਇਸ ਫੈਸਲੇ ਨੂੰ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਖਿਲਵਾੜ ਦੱਸਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੇਅਦਬੀ ਕੇਸਾਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਹੋਣ ਦੇ ਫੈਸਲੇ ਉਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ, ਬੇਅਦਬੀ ਮਸਲੇ ਉਤੇ 'ਆਪ' ਸਰਕਾਰ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ ਕਿ ਅੱਠ ਸਾਲ ਬਾਅਦ ਕੇਸ ਸਬੰਧੀ ਚਲਾਨ ਪੇਸ਼ ਹੋਇਆ ਸੀ, ਜਿਸ ਵਿੱਚ ਡੇਰਾ ਪ੍ਰੇਮੀਆਂ ਦੇ ਮੁਖੀ ਨੂੰ ਨਾਮਜ਼ਦ ਕੀਤਾ ਗਿਆ ਹੈ। ਸਿੱਖ ਭਾਵਨਾਵਾਂ ਨਾਲ ਜੁੜੇ ਸੰਵੇਦਨਸ਼ੀਲ ਮਾਮਲੇ ਦੀ ਭਗਵੰਤ ਮਾਨ ਸਰਕਾਰ ਨੇ ਪ੍ਰੇਮੀਆਂ ਵੱਲੋਂ ਸੁਪਰੀਮ ਕੋਰਟ ਵਿੱਚ ਪਾਈ ਪਟੀਸ਼ਨ ਦੀ ਯੋਗ ਤਰੀਕੇ ਨਾਲ ਪੈਰਵਾਈ ਨਾ ਕੀਤੇ ਜਾਣ ਕਰਕੇ ਤਿੰਨ ਕੇਸਾਂ ਦੀ ਸੁਣਵਾਈ ਹੁਣ ਚੰਡੀਗੜ੍ਹ ਦੀ ਅਦਾਲਤ ਵਿੱਚ ਹੋਵੇਗੀ। ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਵਿੱਚ ਮਜ਼ਬੂਤੀ ਨਾਲ ਆਪਣਾ ਪੱਖ ਰੱਖਣਾ ਚਾਹੀਦਾ ਸੀ, ਪਰ ਸਰਕਾਰ ਦੀ ਨਾਕਾਮੀ ਨੇ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਡੇਰਾ ਸਿਰਸਾ ਉਤੇ ਪਹਿਲਾਂ ਹੀ ਕੇਂਦਰ ਤੇ ਹਰਿਆਣਾ ਸਰਕਾਰ ਮਿਹਰਬਾਨ ਹਨ ਅਤੇ ਉਸ ਨੂੰ ਵਾਰ ਵਾਰ ਪੈਰੋਲ ਦੇ ਕੇ ਖਾਤਰਦਾਰੀ ਕਰ ਰਹੀਆਂ ਹਨ। ਅਜਿਹੇ ਵਿੱਚ ਬੇਅਦਬੀ ਨਾਲ ਸਬੰਧਤ ਕੇਸਾਂ ਦਾ ਬਾਹਰ ਜਾਣਾ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਵਾਲੀਆ ਨਿਸ਼ਾਨ ਹੈ!

# ਪੰਜਾਬ ਦੇ ਖੇਤੀ ਸੈਕਟਰ ਨੂੰ ਨਵਿਆਉਣ ਦਾ ਮਸਲਾ

ਕਰਮ ਬਰਸਟ
ਫੋਨ: +91-94170-73831



ਪੰਜਾਬ ਸਰਕਾਰ ਖੇਤੀ ਸੈਕਟਰ ਵਿੱਚ ਸੁਧਾਰ ਕਰਨ ਲਈ ਗੰਭੀਰ ਜਾਪ ਰਹੀ ਹੈ। ਇਸੇ ਕਰਕੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਨਵੀਂ ਖੇਤੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਅਤੀਤ ਵਿੱਚ ਦੇਖਣ ਨੂੰ ਮਿਲਦਾ ਹੈ ਕਿ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਅਕਸਰ ਹੀ ਕੁਝ ਸਾਲਾਂ ਬਾਅਦ ਨਵੀਂ ਕਿਸਾਨ ਨੀਤੀ ਲਿਆਉਣ ਦੀ ਲੋੜ ਬਾਰੇ ਚਰਚਾ ਕੀਤੀ ਜਾਂਦੀ ਹੈ, ਪਰ ਨੀਤੀਗਤ ਦਸਤਾਵੇਜ਼ ਤਿਆਰ ਕਰਨ ਤੋਂ ਬਿਨਾ ਵਾਸਤਵਿਕ ਅਮਲ ਅੰਦਰ ਖੇਤੀ ਨੂੰ ਨਿਗੂਣੀ ਤਵੱਜੋ ਹੀ ਦਿੱਤੀ ਜਾਂਦੀ ਹੈ। ਵੱਖ ਵੱਖ ਸਰਕਾਰਾਂ ਦੀ ਨੀਅਤ ਭਾਰਤ ਦੀ ਛੋਟੀ ਅਤੇ ਗਰੀਬ ਕਿਸਾਨੀ ਨੂੰ ਪ੍ਰਫੁੱਲਤ ਕਰਨ ਦੀ ਬਜਾਏ ਜਾਂ ਤਾਂ ਕਾਰਪੋਰੇਟਾਂ ਨੂੰ ਅੱਗੇ ਲਿਆਉਣ ਦੀ ਹੈ ਜਾਂ ਸਰਕਾਰੀ ਤੇ ਨਿੱਜੀ ਭਾਈਵਾਲੀ ਵਾਲੀਆਂ ਸਾਂਝੀਆਂ ਸਕੀਮਾਂ ਨੂੰ ਉਤਸ਼ਾਹਤ ਕਰਨ ਦੀ ਹੁੰਦੀ ਹੈ। ਲਗਭਗ ਸਾਰੀਆਂ ਸਰਕਾਰਾਂ ਨੇ ਇਹ ਮਨੌਤ ਸਵੀਕਾਰ ਕਰ ਲਈ ਹੈ ਕਿ ਕਾਰਪੋਰੇਟ ਵੱਡੀ ਪੂੰਜੀ ਦੀ ਦਖਲਅੰਦਾਜ਼ੀ ਤੋਂ ਬਿਨਾ ਖੇਤੀ ਖੇਤਰ ਵਿੱਚ ਸੁਧਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਮਨੌਤ ਕਿਸਾਨੀ ਸੰਕਟ ਲਈ ਬੇਹੱਦ ਘਾਤਕ ਸਾਬਤ ਹੋ ਰਹੀ ਹੈ। ਉਮੀਦ ਹੈ ਕਿ ਪੰਜਾਬ ਸਰਕਾਰ ਖੇਤੀ ਸੰਕਟ ਨੂੰ ਦੂਰ ਕਰਨ ਲਈ ਕੁੱਝ ਨਿੱਗਰ ਕਦਮ ਉਠਾਵੇਗੀ।

ਇਹ ਸੱਚ ਹੈ ਕਿ ਦੇਸ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਖੇਤੀ ਸੈਕਟਰ ਦਾ ਯੋਗਦਾਨ ਬਹੁਤ ਹੀ ਘਟ ਗਿਆ ਹੈ। ਦੇਖਿਆ ਗਿਆ ਹੈ ਕਿ ਮੌਜੂਦਾ ਕੀਮਤਾਂ ਦੇ ਮੱਦੇਨਜ਼ਰ 1950-51 ਦੀਆਂ ਕੀਮਤਾਂ ਅਨੁਸਾਰ ਖੇਤੀਬਾੜੀ ਅਤੇ ਸਹਾਇਕ ਧੰਦਿਆਂ, ਸਨਅਤ ਤੇ ਸੇਵਾ ਖੇਤਰ ਦੀ ਰਚਨਾ ਕ੍ਰਮਵਾਰ 51.81%, 14.16% ਅਤੇ 33.25% ਸੀ।

ਇਸ ਵੇਲੇ ਸੇਵਾ ਖੇਤਰ ਭਾਰਤ ਦਾ ਸਭ ਤੋਂ ਵੱਡਾ ਸੈਕਟਰ ਬਣ ਚੁੱਕਾ ਹੈ। ਮੌਜੂਦਾ ਕੀਮਤਾਂ 'ਤੇ ਸੇਵਾ ਖੇਤਰ ਦਾ ਕੁੱਲ ਮੁੱਲ ਜੋੜ (ਜੀਵੀਏ) 2020-21 ਵਿੱਚ 96.54 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਸੀ। ਇਸ ਤਰ੍ਹਾਂ ਭਾਰਤ ਦੇ 179.15 ਲੱਖ ਕਰੋੜ ਰੁਪਏ ਦੇ ਕੁੱਲ ਕੀਮਤ ਮੁੱਲ ਦਾ 53.89% ਸੇਵਾ ਖੇਤਰ ਵਿੱਚੋਂ ਆਉਂਦਾ ਹੈ; ਪਰ ਇਸ ਵਿੱਚ ਲੱਗੀ ਕਿਰਤ ਸ਼ਕਤੀ ਕੁੱਲ ਕਿਰਤ ਸ਼ਕਤੀ ਦਾ ਸਿਰਫ 33.32 ਫੀਸਦੀ ਹੈ। ਉਦਯੋਗ ਖੇਤਰ ਆਪਣੀ 46.44 ਲੱਖ ਕਰੋੜ ਦੀ ਕੁੱਲ ਕੀਮਤ ਨਾਲ 25.92% ਯੋਗਦਾਨ ਪਾਉਂਦਾ ਹੈ ਅਤੇ ਕਿਰਤ ਸ਼ਕਤੀ ਵਿੱਚ ਇਸਦਾ ਹਿੱਸਾ 26.18 ਫੀਸਦੀ ਹੈ। ਇਸਦੇ ਉਲਟ ਖੇਤੀਬਾੜੀ ਅਤੇ ਸਹਾਇਕ ਖੇਤਰ ਦਾ ਕੁੱਲ ਕੀਮਤ ਵਿੱਚ ਹਿੱਸਾ ਸਿਰਫ 20.19% ਹੈ, ਪਰੰਤੂ ਕਿਰਤ ਸ਼ਕਤੀ ਦਾ 41.19 ਫੀਸਦੀ ਹਿੱਸਾ ਖੇਤੀ ਸੈਕਟਰ ਉਪਰ ਨਿਰਭਰ ਕਰਦਾ ਹੈ। ਕੋਵਿਡ ਮਹਾਂਮਾਰੀ ਦੌਰਾਨ ਤਾਂ ਉਲਟੇ ਪਰਵਾਸ ਕਾਰਨ ਖੇਤੀ ਉਪਰ ਕਿਰਤ ਸ਼ਕਤੀ ਦਾ ਬੋਝ ਹੋਰ ਵੀ ਵੱਧ ਗਿਆ ਸੀ।

ਸਾਲ 2013-14 ਦੀਆਂ ਕੀਮਤਾਂ ਤੇ ਇਸ ਵੇਲੇ ਖੇਤੀਬਾੜੀ ਅਤੇ ਸਹਾਇਕ ਖੇਤਰ ਦਾ ਹਿੱਸਾ ਘਟ ਕੇ 18.20% ਰਹਿ ਗਿਆ ਹੈ। ਸੇਵਾ ਖੇਤਰ ਦਾ ਹਿੱਸਾ ਵਧ ਕੇ 57.03% ਅਤੇ ਸਨਅਤੀ ਖੇਤਰ ਦਾ ਹਿੱਸਾ ਵੀ ਵਧ ਕੇ 24.77% ਹੋ ਗਿਆ ਹੈ। ਇਸ ਤਰ੍ਹਾਂ ਖੇਤੀ ਸੈਕਟਰ ਦੀ ਆਮਦਨ ਅਤੇ ਕਿਰਤ ਸ਼ਕਤੀ ਦੀ ਨਿਰਭਰਤਾ ਵਿਚਕਾਰ ਬਹੁਤ ਡੂੰਘੀ ਖਾਈ ਹੈ। ਇਸ ਲਈ ਕਿਸਾਨਾਂ ਦੀ ਜ਼ਿੰਦਗੀ ਨੂੰ ਬਦਲਣ ਲਈ ਖੇਤੀ ਨੀਤੀ ਨੂੰ ਸੁਧਾਰਨ ਦੀ ਲੋੜ ਹੈ।

ਪੰਜਾਬ ਵਰਗੇ ਸੰਘਣੀ ਖੇਤੀ ਅਤੇ ਮੋਨੋਕਲਚਰ ਖੇਤਰਾਂ ਵਿੱਚ, ਫਸਲੀ ਵੰਨ-ਸੁਵੰਨਤਾ ਵਾਤਾਵਰਣ ਅਤੇ ਰੁਜ਼ਗਾਰ ਪੈਦਾ ਕਰਨ ਦੇ ਦ੍ਰਿਸ਼ਟੀਕੋਣ ਤੋਂ ਸਹਾਈ ਹੋ ਸਕਦੀ ਹੈ। ਖੁਰਾਕ ਸੁਰੱਖਿਆ ਦੇ ਪੱਖ ਤੋਂ ਜੇ ਕਣਕ ਦੀ ਗੱਲ ਨਾ ਵੀ ਕਰੀਏ ਤਾਂ ਝੋਨੇ ਦਾ ਤਾਂ ਹਰ ਹਾਲਤ ਵਿੱਚ ਬਦਲ ਲੱਭਣ ਦੀ ਲੋੜ ਹੈ। ਪੰਜਾਬ ਲਈ ਬੇਹੱਦ ਘਾਤਕ ਹੋਣ ਦੇ ਬਾਵਜੂਦ ਇਹ ਕਿਸਾਨਾਂ ਦੀ ਆਮਦਨ ਦਾ ਪ੍ਰਮੁਖ ਸਰੋਤ ਹੈ। ਇਸਦੇ ਬਦਲ ਲਈ ਕਪਾਹ, ਦਾਲਾਂ, ਮੋਟੇ ਅਨਾਜਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਨੂੰ ਉਤਸ਼ਾਹਤ ਕਰਨਾ ਪਵੇਗਾ। ਇਸਦਾ ਇੱਕੋ ਹੀ ਸੰਭਾਵੀ ਅਤੇ ਉਚਿਤ ਹੱਲ ਇਹ ਹੈ ਕਿ ਹਰ ਕਿਸਾਨ ਵੱਲੋਂ ਪੈਦਾ ਕੀਤੇ ਜਾਂਦੇ ਝੋਨੇ ਦੀ ਸ਼ੁੱਧ ਆਮਦਨ ਅੰਕੀ ਜਾਵੇ। ਖਰੀਦ ਏਜੰਸੀਆਂ ਤੇ ਵਪਾਰੀਆਂ ਕੋਲੋਂ ਇਸਦੇ ਬਦਲ ਵਜੋਂ ਬਿਜਵਾਈਆਂ ਫਸਲਾਂ ਦੀ ਸ਼ੁੱਧ ਆਮਦਨ ਦਾ ਪਤਾ ਵੀ ਲੱਗ ਜਾਵੇਗਾ। ਹੁਣ ਝੋਨੇ ਅਤੇ ਬਾਕੀ ਫਸਲਾਂ ਦੀ ਕਾਸ਼ਤ ਨਾਲ ਹੋਣ ਵਾਲੇ ਘਾਟੇ-ਵਾਧੇ ਦੀ ਪੂਰਤੀ ਕਰਨ ਦੀ ਲੋੜ ਪਵੇਗੀ। ਜਦੋਂ ਤੱਕ ਸਰਕਾਰਾਂ ਇਸ ਘਾਟਾ ਪੂਰਤੀ ਦੀ ਜ਼ਿੰਮੇਵਾਰੀ ਨਹੀਂ ਲੈਂਦੀਆਂ, ਤਦ ਤੱਕ ਖੇਤੀ ਵਿਭਿੰਨਤਾ ਦੇ ਨਾਅਰੇ ਖੋਖਲੇ ਹੀ ਰਹਿਣਗੇ ਅਤੇ ਪੰਜਾਬ ਇਸੇ ਤਰ੍ਹਾਂ ਦੇ ਸੰਤਾਪ ਦਾ ਭਾਗੀ ਬਣਿਆ ਰਹੇਗਾ। ਬਦਲਵੀਆਂ ਫਸਲਾਂ ਲਈ ਪ੍ਰਭਾਵੀ ਬਾਜ਼ਾਰ ਅਤੇ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ ਵਾਲਾ ਰੇੜਕਾ ਵੀ ਖਤਮ ਹੋ ਜਾਵੇਗਾ।

ਵਿਗਿਆਨ ਅਤੇ ਤਕਨਾਲੋਜੀ ਖੇਤੀ ਦੇ ਸੰਚਾਲਨ ਅਤੇ ਪੈਦਾਵਾਰ ਵਿੱਚ ਤਬਦੀਲੀ ਦੇ ਪ੍ਰਮੁੱਖ ਚਾਲਕ ਹਨ। ਮੌਜੂਦਾ ਤਕਨੀਕੀ ਖੜੋਤ ਨੂੰ ਦੂਰ ਕਰਨ ਲਈ ਨਵੀਆਂ ਮੌਲਿਕ ਤਕਨੀਕਾਂ ਦੀ ਲੋੜ ਹੈ, ਜੋ ਜ਼ਮੀਨ ਦੀ ਪ੍ਰਤੀ ਯੂਨਿਟ ਉਤਪਾਦਕਤਾ ਵਧਾਉਣ ਵਿੱਚ ਸਹਾਈ ਹੋ ਸਕਣ ਅਤੇ ਪਾਣੀ ਦੀ ਘੱਟ ਤੋਂ ਘੱਟ ਖਪਤ ਵਿੱਚ ਸਹਾਈ ਹੋਣ। ਤੁਪਕਾ ਸਿੰਚਾਈ, ਫੁਹਾਰਾ ਸਿੰਚਾਈ, ਉਪਰਲੀ ਪਰਤ ਦੀ ਊਣੀ ਸਿੰਚਾਈ, ਸਿਆੜ ਸਿੰਚਾਈ, ਖਾਲਾਂ ਅਤੇ ਵੱਡੇ ਵੱਡੇ ਟੱਕਾਂ ਨੂੰ ਵੱਟਾਂ ਮਾਰ ਕੇ ਛੋਟੇ ਕਿਆਰੇ ਬਣਾਉਣ ਨਾਲ ਪਾਣੀ ਦੀ ਅਸਾਨੀ ਨਾਲ ਬੱਚਤ ਕੀਤੀ ਜਾ ਸਕਦੀ ਹੈ। ਬਰਸਾਤੀ ਪਾਣੀ ਨੂੰ ਸਾਂਭਣ ਲਈ ਹਰੇਕ ਟੱਬਰ ਨੂੰ ਸਖ਼ਤੀ ਨਾਲ ਪਾਬੰਦ ਕਰਨਾ ਹੋਵੇਗਾ। ਕਿਸੇ ਵੀ ਪਰਿਵਾਰ ਨੂੰ ਉਦੋਂ ਤੱਕ ਕੋਈ ਸਰਕਾਰੀ ਮਦਦ ਨਾ ਦਿੱਤੀ ਜਾਵੇ, ਜਦੋਂ ਤੱਕ ਉਹ ਆਪਣੇ ਖੇਤ, ਪਲਾਟ ਅਤੇ ਘਰ ਦੇ ਵਿਹੜੇ ਜਾਂ ਛੱਤ ਤੇ ਪਾਣੀ ਨੂੰ ਇਕੱਠਾ ਕਰਨ/ਰੱਖਣ ਦਾ ਪ੍ਰਬੰਧ ਨਿਸ਼ਚਿਤ ਨਹੀਂ ਕਰਦਾ।

ਹਰੇਕ ਸੂਬੇ ਅੰਦਰ ਹੀ ਖੇਤੀ ਯੂਨੀਵਰਸਿਟੀਆਂ ਤੋਂ ਇਲਾਵਾ ਖੋਜ, ਵਿਕਾਸ ਅਤੇ ਸਿੱਖਿਆ ਨਾਲ ਸਬੰਧਤ ਇੱਕੋ ਹੀ ਤਰ੍ਹਾਂ ਦਾ ਕੰਮ ਕਰਨ ਵਾਲੇ ਅਨੇਕਾਂ ਹੀ ਕੇਂਦਰੀ ਅਤੇ ਸੂਬਾਈ ਅਦਾਰੇ ਮਿਲ ਜਾਂਦੇ ਹਨ, ਜੋ ਆਪਸੀ ਮਿਲਵਰਤਣ ਦੀ ਥਾਂ ਉਲਟ ਦਿਸ਼ਾਵਾਂ ਵਿੱਚ ਕੰਮ ਕਰਦੇ ਦਿਖ ਜਾਣਗੇ। ਐਗਰੀਕਲਚਰਲ ਯੂਨੀਵਰਸਿਟੀ, ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟਸ ਤੇ ਨੈਸ਼ਨਲ ਬਿਊਰੋ, ਗੈਰ-ਸਰਕਾਰੀ ਸੰਸਥਾਵਾਂ ਅਤੇ ਨਿੱਜੀ ਖੇਤਰ ਦੀਆਂ ਖੋਜ ਤੇ ਵਿਕਾਸ ਸੰਸਥਾਵਾਂ ਨੂੰ ਰਾਸ਼ਟਰੀ ਖੇਤੀਬਾੜੀ ਖੋਜ ਵਿਵਸਥਾ (ਉੱ) ਵਰਗੇ ਅਦਾਰੇ ਦੀ ਛਤਰ-ਛਾਇਆ ਹੇਠ ਇਕੱਠਾ ਕੀਤਾ ਜਾ ਸਕਦਾ ਹੈ। ਖੋਜ ਕਾਰਜਾਂ ਵਿੱਚ ਸੁਮੇਲਤਾ ਲਿਆਂਦੀ ਜਾ ਸਕਦੀ ਹੈ।

ਸਮਾਜਿਕ ਤੌਰ 'ਤੇ ਸੰਬੰਧਿਤ ਖੇਤੀਬਾੜੀ ਖੋਜ ਵਿੱਚ ਸਰਕਾਰੀ ਪੂੰਜੀ ਨਿਵੇਸ਼ ਨੂੰ ਵਧਾਇਆ ਜਾਣਾ ਚਾਹੀਦਾ ਹੈ। ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਰਾਸ਼ਟਰੀ ਖੇਤੀਬਾੜੀ ਖੋਜ ਵਿਵਸਥਾ ਦਾ ਪੁਨਰਗਠਨ ਕੀਤਾ ਜਾਣਾ ਚਾਹੀਦਾ ਹੈ। ਖੋਜ ਰਣਨੀਤੀ ਕੁਦਰਤ ਪੱਖੀ, ਛੋਟੇ ਕਿਸਾਨ ਪੱਖੀ ਹੋਣੀ ਚਾਹੀਦੀ ਹੈ। ਪਿੰਡਾਂ ਵਿੱਚ ਕਮਿਊਨਿਟੀ ਆਧਾਰਤ ਬੀਜ ਬੈਂਕ, ਖੇਤੀ ਮਸ਼ੀਨਰੀ ਅਤੇ ਬਿਜਾਈ ਤਕਨੀਕ, ਰੇਹਾਂ, ਕੀੜੇ, ਨਦੀਨ ਨਾਸ਼ਕਾਂ ਦੀ ਵਰਤੋ ਨਾਲ ਸਬੰਧਤ ਸਿਖਲਾਈ ਕੇਂਦਰਾਂ ਦੀ ਲੋੜ ਹੈ।

ਪੰਜਾਬ ਵਰਗੇ ਹਰੀ ਕ੍ਰਾਂਤੀ ਦੇ ਰਵਾਇਤੀ ਖ਼ਿੱਤਿਆਂ ਉੱਪਰੋਂ ਪੈਦਾਵਾਰ ਦਾ ਬੋਝ ਘਟਾਉਣ ਲਈ ਗੰਗਾ-ਜਮਨਾ, ਨਰਮਦਾ, ਕ੍ਰਿਸ਼ਨਾ, ਕਾਵੇਰੀ, ਤਾਪਤੀ, ਗੋਦਾਵਰੀ, ਮਹਾਨੰਦਾ, ਸੋਨ ਅਤੇ ਬ੍ਰਹਮਪੁਤਰ ਦੇ ਮੈਦਾਨਾਂ ਨੂੰ ਖੁਰਾਕ ਪੈਦਾਵਾਰ ਦੇ ਪ੍ਰਮੁੱਖ ਮੈਦਾਨਾਂ ਵਿੱਚ ਵਿਕਸਿਤ ਕਰਨ ਦੀ ਲੋੜ ਹੈ। ਮਿੱਟੀ ਦੀ ਸਿਹਤ ਨੂੰ ਵਧਾਉਣਾ ਖੇਤੀਬਾੜੀ ਉਤਪਾਦਕਤਾ ਵਧਾਉਣ ਦੀ ਕੁੰਜੀ ਹੈ। ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਕਿ ਹਰੇਕ ਕਿਸਾਨ ਨੂੰ ਇੱਕ ਮਿੱਟੀ ਸਿਹਤ ਪਾਸਬੁੱਕ ਜਾਰੀ ਕੀਤੀ ਜਾਵੇ, ਜਿਸ ਵਿੱਚ ਖੇਤ ਦੀ ਮਿੱਟੀ ਦੇ ਭੌਤਿਕ ਵਿਗਿਆਨ, ਰਸਾਇਣ ਅਤੇ ਮਾਈਕ੍ਰੋਬਾਇਓਲੋਜੀ ਨਾਲ ਸਬੰਧਤ ਸਲਾਹਾਂ ਦੇ ਨਾਲ ਭੋਇੰ ਦੀ ਕਿਸਮ ਦੀ ਸੰਪੂਰਨ ਜਾਣਕਾਰੀ ਹੋਵੇ। ਇਸ ਮੰਤਵ ਲਈ, ਮਿੱਟੀ ਵਿੱਚ ਵਿਸ਼ੇਸ਼ ਸੂਖਮ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ ਹੋਰ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਜਾਣ।

ਫਸਲ ਦੀ ਉਤਪਾਦਕਤਾ ਅਤੇ ਸੁਰੱਖਿਆ ਲਈ ਟੈਸਟ ਟਿਊਬਾਂ, ਫਲਾਸਕਾਂ, ਜੈਵਿਕ ਦ੍ਰਵਾਂ, ਅਤਿ ਨਿੱਕੇ ਜੀਵਾਣੂਆਂ, ਕਲਮਾਂ ਆਦਿ ਦੇ ਮਿਸ਼ਰਣਾਂ ਨਾਲ ਨਵੀਆਂ ਨਸਲਾਂ ਦੀ ਖੋਜ (ਇਨ-ਵਿਟਰੋ ਕਲਚਰ ਪ੍ਰੋਪੈਗੂਲਜ਼) ਸਮੇਤ ਚੰਗੀ ਕੁਆਲਿਟੀ ਦੇ ਬੀਜ ਅਤੇ ਰੋਗ ਮੁਕਤ ਦਵਾਈਆਂ ਲਾਉਣਾ ਜ਼ਰੂਰੀ ਹੈ। ਵਧੇਰੇ ਝਾੜ ਵਾਲੇ ਬੀਜ ਹੁਣ ਬਹੁਤ ਸਾਰੀਆਂ ਫਸਲਾਂ ਲਈ ਪ੍ਰਾਪਤ ਹੋ ਰਹੇ ਹਨ, ਪਰੰਤੂ ਜੀਨ ਯੁਕਤ ਬੀਜਾਂ ਵਰਗੀਆਂ ਤਕਨੀਕਾਂ ਨੂੰ ਵੀ ਦਾਖਲ ਕਰਨ ਦੀ ਲੋੜ ਹੈ। ਨਵੀਆਂ ਕਿਸਮਾਂ ਦੇ ਮਾਮਲੇ ਵਿੱਚ, ਜ਼ਮੀਨੀ ਪੱਧਰ ਦੇ ਬੀਜ ਉਤਪਾਦਕਾਂ ਅਤੇ ਉਨ੍ਹਾਂ ਦੇ ਸਹਿਕਾਰੀ ਤੇ ਸਵੈ-ਸਹਾਇਤਾ ਪ੍ਰਾਪਤ ਸਮੂਹਾਂ ਨੂੰ ਬੁਨਿਆਦੀ ਬੀਜ ਪ੍ਰਦਾਨ ਕੀਤੇ ਜਾਣ। ਪਰਸਪਰ ਲਾਭਕਾਰੀ ਕਿਸਾਨ-ਬੀਜ ਕੰਪਨੀਆਂ ਦੀ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ ਜਾਵੇ। ਇਕ ਹੋਰ ਮੁੱਦਾ ਜੈਵਿਕ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ, ਮੰਡੀਕਰਨ ਦਾ ਪ੍ਰਬੰਧ, ਕੀੜਿਆਂ, ਰੋਗਾਣੂਆਂ ਅਤੇ ਨਦੀਨਾਂ ਉੱਪਰ ਕੰਟਰੋਲ, ਵਾਤਾਵਰਣ ਦੀ ਸੁਰੱਖਿਆ ਅਸਰਦਾਰ ਕੀਟਨਾਸ਼ਕਾਂ ਦਾ ਵਿਕਾਸ, ਇਨ੍ਹਾਂ ਬਾਰੇ ਗਿਆਨ ਨੂੰ ਤਰਜੀਹ ਦਿੱਤੀ ਜਾਵੇ।

ਪੇਂਡੂ ਬੈਂਕਿੰਗ ਪ੍ਰਣਾਲੀ ਦੀ ਪਹੁੰਚ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨਾ ਸਮੇਂ ਦੀ ਲੋੜ ਹੈ। ਇਸ ਦਿਸ਼ਾ ਵਿੱਚ ਕਿਸਾਨਾਂ ਨੂੰ ਵਾਜਬ ਵਿਆਜ ਦਰਾਂ 'ਤੇ ਸਮੇਂ ਸਿਰ, ਲੋੜੀਂਦੀਆਂ ਅਤੇ ਆਸਾਨ ਪਹੁੰਚ ਵਾਲੀਆਂ ਵਿੱਤੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। ਸੂਦਖ਼ੋਰੀ ਨੂੰ ਨੱਥ ਪਾਈ ਜਾਵੇ। ਕਿਸਾਨਾਂ ਦੀ ਸੰਸਥਾਗਤ ਕਰਜ਼ੇ ਤੱਕ ਬਿਹਤਰ ਰਸਾਈ ਲਈ ਕਿਸਾਨ ਪੱਖੀ ਕਰਜ਼ਾ ਨੀਤੀ ਲਾਗੂ ਕੀਤੀ ਜਾਵੇ, ਜਿਸ ਵਿੱਚ ਸਧਾਰਨ ਵਿਆਜ ਅਤੇ ਲੰਬੇ ਸਮੇਂ ਦੇ ਕਰਜ਼ੇ ਨਿਸ਼ਚਿਤ ਕੀਤੇ ਜਾਣ। ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਨਾਬਾਰਡ ਨੂੰ ਖੇਤੀ ਕਰਜ਼ਾ ਸੰਸਥਾ ਦੇ ਨਿਰਮਾਣ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਪਾਬੰਦ ਕਰਨਾ ਚਾਹੀਦਾ ਹੈ ਅਤੇ ਖੋਜ ਤੇ ਵਿਕਾਸ ਪਹਿਲਕਦਮੀਆਂ ਰਾਹੀਂ ਬੈਕਅੱਪ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਬੈਂਕ ਨੂੰ ਕਿਸਾਨਾਂ ਲਈ ਇੱਕ ਰਾਸ਼ਟਰੀ ਬੈਂਕ ਵਾਂਗ ਕੰਮ ਕਰਨਾ ਚਾਹੀਦਾ ਹੈ।

ਖੇਤੀਬਾੜੀ ਇੱਕ ਉੱਚ-ਜੋਖਮ ਵਾਲੀ ਆਰਥਿਕ ਸਰਗਰਮੀ ਹੋਣ ਕਰਕੇ ਕਿਸਾਨਾਂ ਨੂੰ ਖਪਤਕਾਰ ਦੀਆਂ ਲੋੜਾਂ ਮੁਤਾਬਕ ਬੀਮਾ ਸਾਧਨਾਂ ਦੀ ਲੋੜ ਹੁੰਦੀ ਹੈ, ਜੋ ਬਿਜਾਈ ਤੋਂ ਲੈ ਕੇ ਵਾਢੀ ਦੇ ਕਾਰਜਾਂ ਤੱਕ ਪੈਦਾਵਾਰ ਨੂੰ ਕਵਰ ਕਰਦੇ ਹਨ। ਕਿਸਾਨਾਂ ਨੂੰ ਵਿੱਤੀ ਸੰਕਟ ਤੋਂ ਬਚਾਉਣ ਅਤੇ ਇਸ ਪ੍ਰਕਿਰਿਆ ਵਿੱਚ ਖੇਤੀਬਾੜੀ ਨੂੰ ਵਿੱਤੀ ਤੌਰ 'ਤੇ ਵਿਹਾਰਕ ਬਣਾਉਣ ਖਾਤਿਰ ਬੀਮੇ ਨੂੰ ਸਾਰੀਆਂ ਫਸਲਾਂ ਲਈ ਹੋਣ ਵਾਲੇ ਮਾਰਕੀਟ ਜੋਖਮਾਂ ਨੂੰ ਵੀ ਕਵਰ ਕਰਨਾ ਚਾਹੀਦਾ ਹੈ। ਰਾਸ਼ਟਰੀ ਖੇਤੀ ਬੀਮਾ ਯੋਜਨਾ ਨੂੰ ਹੋਰ ਕਿਸਾਨ ਪੱਖੀ ਬਣਾਉਣ ਲਈ ਇਸ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਸੂਬਾ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਉਪਰ ਸਾਰੀਆਂ ਹੀ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਵੇ ਅਤੇ ਲਾਗੂ ਵੀ ਕਰਵਾਏ। ਕੇਂਦਰ ਸਰਕਾਰ ਵੱਲੋਂ ਸੰਵਿਧਾਨ ਵਿੱਚ ਨਿਸ਼ਚਿਤ ਰਾਜਕੀ ਸੂਚੀ ਨਾਲ ਛੇੜ-ਛਾੜ ਕਰਨ ਵਿਰੁੱਧ ਸੂਬਾ ਸਰਕਾਰਾਂ ਦਾ ਏਕਾ ਉਸਾਰਿਆ ਜਾਵੇ।

**ਪੰਜਾਬ ਲਈ ਬੇਹੱਦ ਘਾਤਕ ਹੋਣ ਦੇ ਬਾਵਜੂਦ ਇਹ ਕਿਸਾਨਾਂ ਦੀ ਆਮਦਨ ਦਾ ਪ੍ਰਮੁਖ ਸਰੋਤ ਹੈ। ਇਸਦੇ ਬਦਲ ਲਈ ਕਪਾਹ, ਦਾਲਾਂ, ਮੋਟੇ ਅਨਾਜਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਨੂੰ ਉਤਸ਼ਾਹਤ ਕਰਨਾ ਪਵੇਗਾ। ਇਸਦਾ ਇੱਕੋ ਹੀ ਸੰਭਾਵੀ ਅਤੇ ਉਚਿਤ ਹੱਲ ਇਹ ਹੈ ਕਿ ਹਰ ਕਿਸਾਨ ਵੱਲੋਂ ਪੈਦਾ ਕੀਤੇ ਜਾਂਦੇ ਝੋਨੇ ਦੀ ਸ਼ੁੱਧ ਆਮਦਨ ਅੰਕੀ ਜਾਵੇ। ਖਰੀਦ ਏਜੰਸੀਆਂ ਤੇ ਵਪਾਰੀਆਂ ਕੋਲੋਂ ਇਸਦੇ ਬਦਲ ਵਜੋਂ ਬਿਜਵਾਈਆਂ ਫਸਲਾਂ ਦੀ ਸ਼ੁੱਧ ਆਮਦਨ ਦਾ ਪਤਾ ਵੀ ਲੱਗ ਜਾਵੇਗਾ। ਹੁਣ ਝੋਨੇ ਅਤੇ ਬਾਕੀ ਫਸਲਾਂ ਦੀ ਕਾਸ਼ਤ ਨਾਲ ਹੋਣ ਵਾਲੇ ਘਾਟੇ-ਵਾਧੇ ਦੀ ਪੂਰਤੀ ਕਰਨ ਦੀ ਲੋੜ ਪਵੇਗੀ। ਜਦੋਂ ਤੱਕ ਸਰਕਾਰਾਂ ਇਸ ਘਾਟਾ ਪੂਰਤੀ ਦੀ ਜ਼ਿੰਮੇਵਾਰੀ ਨਹੀਂ ਲੈਂਦੀਆਂ, ਤਦ ਤੱਕ ਖੇਤੀ ਵਿਭਿੰਨਤਾ ਦੇ ਨਾਅਰੇ ਖੋਖਲੇ ਹੀ ਰਹਿਣਗੇ ਅਤੇ ਪੰਜਾਬ ਇਸੇ ਤਰ੍ਹਾਂ ਦੇ ਸੰਤਾਪ ਦਾ ਭਾਗੀ ਬਣਿਆ ਰਹੇਗਾ।**



# ਕੁਰਸੀ ਦਾ ਕੁਨਬਾ



**ਸ਼ਬਦੋ ਵਣਜਾਰਿਓ**



**ਪਰਮਜੀਤ ਢੀਂਗਰਾ**
**ਫੋਨ: +91-94173-58120**

ਰਾਜਨੀਤੀ ਵਿੱਚ ਕੁਰਸੀ ਸ਼ਬਦ ਬੜਾ ਮਹੱਤਵਪੂਰਨ ਹੈ। ਕਿਹਾ ਜਾਂਦਾ ਹੈ ਕਿ ਅੱਜ ਕੱਲ੍ਹ ਸਾਰੀ ਲੜਾਈ ਕੁਰਸੀ ਦੀ ਹੈ। ਕੁਰਸੀ ਪਿਛੇ ਨੇਤਾ ਇਮਾਨ ਵੇਚ ਦਿੰਦੇ ਹਨ। ਧਨ, ਦੌਲਤ, ਐਸ਼ੋ ਇਸ਼ਰਤ ਦਾ ਇਹ ਪਰਿਆਏਵਾਦੀ ਬਣ ਗਈ ਹੈ। ਜਿਹੜਾ ਇਹਦੇ ’ਤੇ ਬਿਰਾਜਮਾਨ ਹੋ ਜਾਂਦਾ ਹੈ, ਉਹ ਫਿਰ ਇਸਨੂੰ ਤਿਆਗਣਾ ਨਹੀਂ ਚਾਹੁੰਦਾ। ਇਸ ਲਈ ਹਰ ਤਰ੍ਹਾਂ ਦੇ ਜੁਗਾੜ ਵਰਤੇ ਜਾਂਦੇ ਹਨ, ਹਿੰਸਾ ਕੀਤੀ ਜਾਂਦੀ ਹੈ। ਅਦਾਲਤਾਂ ਦੇ ਦਰਵਾਜ਼ੇ ਤੱਕ ਖੜਕਾਏ ਜਾਂਦੇ ਹਨ ਕਿ ਕੁਰਸੀ ਹੇਠੋਂ ਨਿਕਲ ਨਾ ਜਾਵੇ।

ਖ਼ੈਰ! ਇਕ ਸ਼ਬਦ ਵਜੋਂ ਕੁਰਸੀ ਦੀ ਯਾਤਰਾ ਬੜੀ ਦਿਲਚਸਪ ਹੈ। ਨਿਰੁਕਤ ਕੋਸ਼ ਅਨੁਸਾਰ- ਲੱਕੜ ਦਾ ਬਣਿਆ ਬੈਠਣ ਦਾ ਆਸਣ, ਮਕਾਨ ਦੀ ਨੀਂਹ ਦੀ ਜ਼ਮੀਨ ਤੋਂ ਉਚਿਆਈ, ਪੀੜ੍ਹੀ, ਖਾਨਦਾਨ, ਕੁਰਸੀਨਾਮਾ, ਬੰਸਾਵਲੀ- ਅਰਬੀ ਕੁਰਸੀ, ਚੌਂਕੀ, ਅਸਮਾਨ ਆਦਿ। ਫਾਰਸੀ ਕੋਸ਼ ਵਿੱਚ ਵੀ ਅਜਿਹੇ ਅਰਥ ਮਿਲਦੇ ਹਨ, ਨਾਲ ਹੀ ਕੁਰਸੀਦਾਰ- ਤਖ਼ਤ ਜਾਂ ਗੱਦੀ ’ਤੇ ਬੈਠਾ ਹੋਇਆ; ਕੁਰਸੀ-ਏ-ਜ਼ਰ= ਸੂਰਜ, ਕੁਰਸੀ-ਏ-ਸ਼ਸ਼ ਗੂਨਾ=ਸੰਸਾਰ, ਜ਼ਮਾਨਾ; ਕੁਰਸੀਨਾਮਾ-ਸ਼ਜਰਾ- ਨਸਬ, ਬੰਸਾਵਲੀ; ਕੁਰਸੀ-ਨਿਸ਼ੀਨ= ਕੁਰਸੀ ਦਾ ਹੱਕਦਾਰ। ਅਰਬੀ-ਪੰਜਾਬੀ ਕੋਸ਼ ਅਨੁਸਾਰ-ਕੁਰਸੀ=ਚੌਂਕੀ, ਸੁਖਾਸਣ, ਅਠਵਾਂ ਅਕਾਸ਼, ਤਖ਼ਤ, ਸਿੰਘਾਸਣ, ਗੱਦੀ, ਚੇਅਰ, ਮਕਾਨ ਦੀ ਕੁਰਸੀ, ਕੁਰਸੀਨਾਮਾ= ਅਰਬੀ-ਕੁਰਸੀ+ਫਾਰਸੀ-ਨਿਸ਼ੀਨ (ਬੈਠਣ ਵਾਲਾ), ਨਿਸ਼ੀਨ ਦਾ ਮੂਲ ਹੈ ਫ਼ਾਰਸੀ ਕਿਰਿਆ- ਨਿਸ਼ਸਤਨ=ਬੈਠਣਾ। ਨਿਸ਼ਸਤਨ-ਨਿਸ਼ੀਨ ਜਿਵੇਂ ਪਰਦਾ ਨਿਸ਼ੀਨ, ਹਮ ਨਿਸ਼ੀਨ, ਸਹਰਾ ਨਿਸ਼ੀਨ, ਮਸਨਦ= ਗੱਦੀ ਨਿਸ਼ੀਨ, ਗੋਸ਼ਾ ਨਿਸ਼ੀਨ ਪਾਲਕੀ ਨਿਸ਼ੀਨ, ਖ਼ੁਸ਼ ਨਿਸ਼ੀਨ, ਬਾਲਾ ਨਿਸ਼ੀਨ ਆਦਿ। ਕੁਰਸੀਨਾਮਾ= ਅਰਬੀ-ਕੁਰਸੀ+ਫਾਰਸੀ-ਨਾਮਾ, ਖਾਨਦਾਨੀ ਸ਼ਜਰਾ, ਸਿਲਸਿਲਾ ਇਵੇਂ ਹੀ ਤਲਾਕਨਾਮਾ, ਸ਼ਰਤਨਾਮਾ, ਸ਼ਾਹਨਾਮਾ, ਰਾਜ਼ੀਨਾਮਾ ਆਦਿ।

ਮਹਾਨ ਕੋਸ਼ ਅਨੁਸਾਰ- ਕੁਰਸੀ=ਚੌਂਕੀ, ਮਕਾਨ ਦੀ ਨੀਂਹ, ਚੌਂਤਰਾ, Plinth- ‘ਹਰਿਮੰਦਰ ਕੀ ਕੁਰਸੀ ਪਈ’ (ਗੁਪ੍ਰਸੂ), ਪੀੜ੍ਹੀ, ਵੰਸ਼, ਨਸਲ। ‘ਕੁਰਸੀ ਅਪਰ ਬਕੁਰਸੀ ਤਾਂਈ। ਭੋਗਹਿਂ ਪਤਸਾਹੀ ਸੁਖ ਪਾਈ (ਨਾ ਪ੍ਰ) ਪੰਜਾਬੀ ਕੋਸ਼ਾਂ ਵਿੱਚ ਇਹਦੀ ਬਣਤਰ ’ਤੇ ਜ਼ੋਰ ਦਿੰਦਿਆਂ ਲਿਖਿਆ ਹੈ- ਲੱਕੜੀ, ਲੋਹੇ ਆਦਿ ਦੀ ਇਕ ਚੌਂਕੀ ਜਿਸ ’ਤੇ ਬੈਠੀਦਾ ਹੈ। ਇਸਦੇ ਚਾਰ ਪਾਏ, ਦੋ ਬਾਹਾਂ ਤੇ ਪਿੱਠ ਹੁੰਦੀ ਹੈ। ਕਈ ਵਾਰ ਬਾਹਾਂ ਨਹੀਂ ਵੀ ਹੁੰਦੀਆਂ। ਬੈਠਣ ਦੀ ਥਾਂ ਬੈਂਤ ਨਾਲ ਉਣੀ ਹੁੰਦੀ ਹੈ। ਵਧੀਆ ਕੁਰਸੀਆਂ ਨੂੰ ਸੀਟ ਤੇ ਗੱਦੇ ਲੱਗੇ ਹੁੰਦੇ ਹਨ। ਛੋਟਾ ਤਖਤ ਜਿਸ ’ਤੇ ਬੈਠੀਦਾ ਹੈ। ਰੱਬ ਦੇ ਰਹਿਣ ਦੀ ਜਗ੍ਹਾ, ਅੱਠਵਾਂ ਅਸਮਾਨ, ਮਕਾਨ ਜਾਂ ਇਮਾਰਤ ਦੀ ਤਹਿ ਦੀ ਜ਼ਮੀਨ ਤੋਂ ਉਚਾਈ, ਅੱਖਰਾਂ ਦੀਆਂ ਗੋਲਾਈਆਂ ਦੀ ਸਡੌਲਤਾ ਤੇ ਉਨ੍ਹਾਂ ਦਾ ਇੱਕ ਦੂਜੇ ਦੇ ਬਰਾਬਰ ਹੋਣਾ; ਪੀੜ੍ਹੀ, ਪੁਸ਼ਤ, ਖ਼ਾਨਦਾਨ; ਜਹਾਜ਼ ਦੇ ਖੰਭੇ ਉਪਰਲੀਆਂ ਉਹ ਤਿਰਛੀਆਂ/ਟੇਡੀਆਂ ਲੱਕੜੀਆਂ ਜਿਨ੍ਹਾਂ ’ਤੇ ਖੜੇ ਹੋ ਕੇ ਮਲਾਹ ਪਾਲ ਦੀਆਂ ਰੱਸੀਆਂ ਖਿਚਦੇ ਹਨ। ਕੁਰਸੀਨਾਮਾ, ਅਰਾਮ ਕੁਰਸੀ ਇਹਦੇ ਸਜਾਤੀ ਹਨ। ਇਸ ਤੋਂ ਬਣੇ ਕਈ ਮੁਹਾਵਰੇ ਵੀ ਮਿਲਦੇ ਹਨ, ਜਿਵੇਂ- ਕੁਰਸੀ ਦਾ ਰੋਹਬ-ਅਹੁਦੇ ਦਾ ਰੋਹਬ, ਦਬਦਬਾ; ਕੁਰਸੀ ਦੇਣਾ- ਇੱਜ਼ਤ ਕਰਨੀ, ਬੈਠਣ ਲਈ ਕੁਰਸੀ ਦੇਣੀ; ਕੁਰਸੀ ਨਸ਼ੀਨ ਹੋਣਾ- ਸਰਕਾਰੇ ਦਰਬਾਰੇ ਕੁਰਸੀ ਪ੍ਰਾਪਤ ਹੋਣੀ, ਕੁਰਸੀ ਨੂੰ ਸਲਾਮ- ਅਹੁਦੇ ਨੂੰ ਨਮਸਕਾਰ, ਕੁਰਸੀ ਮਿਲਣਾ- ਸਰਕਾਰੇ ਦਰਬਾਰੇ ਇੱਜ਼ਤ ਹੋਣੀ। ਅੱਜ ਕੱਲ੍ਹ ਕੁਰਸੀ ਸਿਰਫ਼ ਇੱਕ ਆਸਣ ਹੀ ਨਹੀਂ ਸਗੋਂ ਪ੍ਰਭਾਵ, ਰੁਤਬੇ ਤੇ ਰੋਹਬ ਦੀ ਪ੍ਰਤੀਕ ਹੈ।

ਕੁਰਸੀ ਮੂਲ ਰੂਪ ਵਿੱਚ ਸੈਮਟਿਕ ਭਾਸ਼ਾ ਪਰਿਵਾਰ ਦਾ ਸ਼ਬਦ ਹੈ। ਭਾਸ਼ਾ ਵਿਗਿਆਨੀ ਇਸ ਸ਼ਬਦ ਦਾ ਰਿਸ਼ਤਾ ਇਸਾਈ ਧਾਰਮਿਕ ਗ੍ਰੰਥ ਬਾਈਬਾਲ, ਇਸਲਾਮੀ ਗ੍ਰੰਥ ਕੁਰਾਨ ਵਿਚੋਂ ਲੱਭਦੇ ਹਨ। ਉਨ੍ਹਾਂ ਅਨੁਸਾਰ ਕੁਰਸੀ ਦਾ ਮੂਲ ਰੂਪ ਆਰਮੇਈਕ ਭਾਸ਼ਾ ਦੇ ਵਿਭਿੰਨ ਰੂਪਾਂ ਵਿੱਚ ਮਿਲਦਾ ਹੈ, ਜਿਨ੍ਹਾਂ ਵਿੱਚ ਬਿਬਲੀਕਲ ਆਰਮੇਈਕ ਵੀ ਸ਼ਾਮਲ ਹੈ। ਇਸ ਵਿੱਚ ‘Kisse’ ਸ਼ਬਦ ਦਾ ਵਰਣਨ ਰਾਜਸਿੰਘਾਸਣ, ਆਸਣ, ਪੀੜੇ ਦੇ ਅਰਥਾਂ ਵਿੱਚ ਮਿਲਦਾ ਹੈ। ਇਹਦੀ ਮੂਲ ਧਾਤੂ ਅਕੱਦ ਤੇ ਆਰਮੇਈਕ ਵਿੱਚ ‘Ks’ ਮੰਨੀ ਗਈ ਹੈ, ਅਕੱਦ ਭਾਸ਼ਾ ਵਿੱਚ ਇਹਦਾ ਰੂਪ ‘Kussu’ ਮਿਲਦਾ ਹੈ। ਅਰਬੀ ਵਿੱਚ ਜਾ ਕੇ ਇਸ ਧਾਤੂ ਨਾਲ ‘ਰ’ ਅੱਖਰ ਜੁੜਦਾ ਹੈ ਤੇ ਮੂਲ ਧਾਤੂ ‘k-r-s’ ਬਣ ਜਾਂਦੀ ਹੈ। ਕੁਰਸੀ ਏਸੇ ਤੋਂ ਜਨਮੀ ਹੈ। ਇਸ ਧਾਤੂ ਵਿੱਚ ਰੱਬੀ ਆਸਣ, ਬਾਦਸ਼ਾਹ ਦੇ ਸਿੰਘਾਸਣ ਵਰਗੇ ਭਾਵ ਪਏ ਹਨ- ਸੀਰੀਆਈ ਭਾਸ਼ਾ ਵਿੱਚ ਇਹ ‘ਕੁਰਸੀਆ’ ਹੈ, ਜਿਸਦਾ ਅਰਥ ਹੈ- ਆਸਣ ਜਾਂ ਧਰਮ ਪ੍ਰਮੁਖ, ਪੰਥ ਪ੍ਰਮੁਖ। ਸੁਡਾਨੀ ਵਿੱਚ ਇਹਦਾ ਅਰਥ ਖਟੋਲਾ ਹੈ। ਭਾਰਤੀ ਭਾਸ਼ਾਵਾਂ ਵਿੱਚ ਚਬੂਤਰੇ ਲਈ ਵੀ ਕੁਰਸੀ ਸ਼ਬਦ ਵਰਤਿਆ ਜਾਂਦਾ ਹੈ। ਇਹਦੇ ਲਈ ਅੰਗਰੇਜ਼ੀ ਸ਼ਬਦ ‘seat’ ਹੈ। ਇਹ ਪ੍ਰਾਚੀਨ ਭਰੋਪੀ ਭਾਸ਼ਾ ਪਰਿਵਾਰ ਦਾ ਸ਼ਬਦ ਹੈ, ਜਿਸਦੇ ਮੂਲ ਵਿੱਚ ‘sed’ ਧਾਤੂ ਮੰਨੀ ਗਈ ਹੈ, ਜਿਸਦਾ ਅਰਥ ਹੈ- ਆਸਣ ਜਾਂ ਸਥਿਰ ਹੋਣਾ। ਸੰਸਕ੍ਰਿਤ ਵਿੱਚ ਵੀ ‘ਸਦ੍’ ਦਾ ਅਰਥ ਹੈ- ਬੈਠਣਾ, ਆਸੀਨ ਹੋਣਾ, ਵਾਸ ਕਰਨਾ ਆਦਿ।

ਪਾਰਲੀਮੈਂਟ ਲਈ ਸੰਸਦ ਸ਼ਬਦ ਹੈ। ਇਹ ਬਣਿਆ ਹੈ, ਸਮ+ਸਦ੍=ਸੰਸਦ ਭਾਵ ਉਹ ਥਾਂ ਜਿਥੇ ਸਾਰੇ ਚੁਣੇ ਪ੍ਰਤੀਨਿਧ ਨਾਲ ਨਾਲ ਬਿਰਾਜਮਾਨ ਹੁੰਦੇ ਹਨ। ਇਸੇ ਤਰ੍ਹਾਂ ਸੰਸਕ੍ਰਿਤ ਦੀ ‘ਆਸ੍’ ਧਾਤੂ ਵਿੱਚ ਬੈਠਣ, ਲੇਟਣ, ਅਰਾਮ ਕਰਨ ਦੇ ਭਾਵ ਹਨ। ਇਸ ਤੋਂ ਬਣੇ ‘ਅਸਨਮ੍’ ਸ਼ਬਦ ਦਾ ਅਰਥ ਹੈ- ਮੂੜਾ, ਪੀੜ੍ਹਾ, ਆਸਣ ਆਦਿ। ਯੋਗ ਦੀਆਂ ਮੁਦਰਾਵਾਂ ਨੂੰ ਵੀ ਆਸਣ ਕਿਹਾ ਜਾਂਦਾ ਹੈ। ਆਸਣ ਦਾ ਅਰਥ ਹੈ- ਬੈਠਣਾ। ਆਸਣ ਵਿੱਚ ਅਹੁਦੇ ਦੀ ਮਹੱਤਤਾ ਦਾ ਭਾਵ ਵੀ ਹੈ। ਵਿਧਾਨ ਸਭਾਵਾਂ ਵਿੱਚ ਸਪੀਕਰ ਲਈ ਆਸਣ ਸ਼ਬਦ ਵਰਤਿਆ ਜਾਂਦਾ ਹੈ। ਸਿੰਘਾਸਣ ਸ਼ਬਦ ਏਸੇ ਮੂਲ ਦਾ ਹੈ। ਪ੍ਰਾਚੀਨ ਕਾਲ ਵਿੱਚ ਬਾਦਸ਼ਾਹ ਸਿੰਘਾਸਣਾਂ ’ਤੇ ਬੈਠਦੇ ਸਨ। ਸਿੰਘ ਅਥਵਾ ਸ਼ੇਰ ਸ਼ੁਰੂ ਤੋਂ ਹੀ ਵੀਰਤਾ, ਰੁਤਬੇ, ਹੌਂਸਲੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਆਸਣ ਜਮਾਉਣਾ, ਆਸਣ ਲਾਉਣਾ, ਆਸਣ/ਸਿੰਘਾਸਣ ਡੋਲਣਾ ਮੁਹਾਵਰੇ ਇਸ ਨਾਲ ਜੁੜੇ ਹੋਏ ਹਨ। ਇੰਜ ਸਪਸ਼ਟ ਹੈ ਕਿ ਕੁਰਸੀ ਦਾ ਲੰਮਾ ਚੌੜਾ ਕੁਨਬਾ ਹੈ, ਜੋ ਵਿਕਾਸ ਕਰ ਰਿਹਾ ਹੈ। ਅੱਜ ਕੱਲ੍ਹ ਵਿਧਾਨ ਸਭਾਵਾਂ ਵਿੱਚ ਕੁਰਸੀਆਂ ਚਲਾਉਣ ਦਾ ਰਿਵਾਜ ਵੀ ਵਧਦਾ ਜਾ ਰਿਹਾ ਹੈ।

# ਗਲੋਬਲ ਵਾਰਮਿੰਗ ਵਰਤਾਰੇ ਦੇ ਮਨੁੱਖੀ ਜੀਵਨ ਉੱਤੇ ਪ੍ਰਭਾਵ

**ਅੰਕਿਤਾ ਸ਼ਰਮਾ**
**ਈਮੇਲ: as6615015@gmail.com**



ਗਲੋਬਲ ਵਾਰਮਿੰਗ ਪਿਛਲੀਆਂ ਇੱਕ ਤੋਂ ਦੋ ਸਦੀਆਂ ਵਿੱਚ ਧਰਤੀ ਦੀ ਸਤਹ ਦੇ ਨੇੜੇ ਔਸਤ ਹਵਾ ਦੇ ਤਾਪਮਾਨ ਵਿੱਚ ਵਾਧਾ ਹੋਣ ਦਾ ਵਰਤਾਰਾ ਹੈ। ਇਹ ਵਾਯੂਮੰਡਲ ਵਿੱਚ ਗ੍ਰੀਨਹਾਊਸ ਗੈਸਾਂ ਦੇ ਇਕੱਠੇ ਹੋਣ ਕਾਰਨ ਹੁੰਦਾ ਹੈ, ਮੁੱਖ ਤੌਰ ‘ਤੇ ਮਨੁੱਖੀ ਗਤੀਵਿਧੀਆਂ ਜਿਵੇਂ ਕਿ ਜੈਵਿਕ ਇੰਧਣ, ਜੰਗਲਾਂ ਦੀ ਕਟਾਈ, ਖੇਤੀਬਾੜੀ ਅਤੇ ਉਦਯੋਗਿਕ ਪ੍ਰਕਿਰਿਆਵਾਂ ਨੂੰ ਸਾੜਨਾ। ਗ੍ਰੀਨਹਾਊਸ ਗੈਸਾਂ ਧਰਤੀ ਤੋਂ ਬਾਹਰ ਜਾਣ ਵਾਲੇ ਕੁਝ ਤਾਪ ਰੇਡੀਏਸ਼ਨ ਨੂੰ ਫਸਾਉਂਦੀਆਂ ਹਨ ਅਤੇ ਹੇਠਲੇ ਵਾਯੂਮੰਡਲ ਨੂੰ ਗਰਮ ਕਰਦੀਆਂ ਹਨ। ਇਹ ਬਦਲੇ ਵਿੱਚ ਜਲਵਾਯੂ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਵਰਖਾ ਦੇ ਪੈਟਰਨਾਂ ਵਿੱਚ ਤਬਦੀਲੀਆਂ, ਸਮੁੰਦਰ ਦੇ ਪੱਧਰ ਦਾ ਵਾਧਾ, ਬਰਫ਼ ਦੇ ਟੋਪਿਆਂ ਤੇ ਗਲੇਸ਼ੀਅਰਾਂ ਦਾ ਪਿਘਲਣਾ, ਅਤਿਅੰਤ ਮੌਸਮ ਦੀਆਂ ਘਟਨਾਵਾਂ ਤੇ ਵਾਤਾਵਰਣ ਅਤੇ ਮਨੁੱਖੀ ਸਿਹਤ ‘ਤੇ ਪ੍ਰਭਾਵ ਪੈਂਦਾ ਹੈ। ਵਿਗਿਆਨੀਆਂ ਨੇ ਦੇਖਿਆ ਹੈ ਕਿ ਪੂਰਵ-ਉਦਯੋਗਿਕ ਯੁੱਗ ਤੋਂ ਲੈ ਕੇ ਗਲੋਬਲ ਔਸਤ ਸਤਹ ਦਾ ਤਾਪਮਾਨ ਲਗਭਗ 1.1 °C (2°F) ਵਧਿਆ ਹੈ ਅਤੇ ਇਹ ਕਿ ਜ਼ਿਆਦਾਤਰ ਤਪਸ਼ 20ਵੀਂ ਸਦੀ ਦੇ ਅੱਧ ਤੋਂ ਬਾਅਦ ਹੋਈ ਹੈ। ਜਲਵਾਯੂ ਪਰਿਵਰਤਨ ‘ਤੇ ਅੰਤਰ-ਸਰਕਾਰੀ ਪੈਨਲ (IPCC) ਇੱਕ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾ ਹੈ, ਜੋ ਵਿਗਿਆਨਕ ਸਬੂਤਾਂ ਦਾ ਮੁਲੰਕਣ ਕਰਦੀ ਹੈ ਅਤੇ ਗਲੋਬਲ ਵਾਰਮਿੰਗ ਨੂੰ ਘਟਾਉਣ ਤੇ ਅਨੁਕੂਲ ਬਣਾਉਣ ਲਈ ਅਨੁਮਾਨ ਅਤੇ ਸਿਫਾਰਸ਼ਾਂ ਪ੍ਰਦਾਨ ਕਰਦੀ ਹੈ। IPCC ਨੇ ਚੇਤਾਵਨੀ ਦਿੱਤੀ ਹੈ ਕਿ ਗਲੋਬਲ ਵਾਰਮਿੰਗ ਨੂੰ ਪੂਰਵ-ਉਦਯੋਗਿਕ ਪੱਧਰ ਤੋਂ ਉੱਪਰ 1.5 °C (2.7 °F) ਤੱਕ ਸੀਮਤ ਕਰਨ ਲਈ ਸਮਾਜ ਦੇ ਸਾਰੇ ਖੇਤਰਾਂ ਵਿੱਚ ਤੇਜ਼ੀ ਨਾਲ ਅਤੇ ਬੇਮਿਸਾਲ ਤਬਦੀਲੀ ਦੀ ਲੋੜ ਹੋਵੇਗੀ। ਇਸ ਸੀਮਾ ਨੂੰ ਪਾਰ ਕਰਨ ਨਾਲ ਲੋਕਾਂ ਅਤੇ ਕੁਦਰਤ ਲਈ ਗੰਭੀਰ ਤੇ ਅਟੱਲ ਨਤੀਜੇ ਹੋਣਗੇ।

ਗਲੋਬਲ ਵਾਰਮਿੰਗ ਇੱਕ ਗੰਭੀਰ ਜਨਤਕ ਸਿਹਤ ਸਮੱਸਿਆ ਹੈ, ਜੋ ਸਿਹਤ ਦੇ ਸਮਾਜਿਕ ਅਤੇ ਵਾਤਾਵਰਣ ਨਿਰਧਾਰਕਾਂ ਨੂੰ ਪ੍ਰਭਾਵਿਤ ਕਰਦੀ ਹੈ, ਜਿਵੇਂ ਕਿ ਸਾਫ਼ ਹਵਾ, ਸੁਰੱਖਿਅਤ ਪੀਣ ਵਾਲਾ ਪਾਣੀ, ਲੋੜੀਂਦਾ ਭੋਜਨ ਅਤੇ ਸੁਰੱਖਿਅਤ ਆਸਰਾ। ਗਲੋਬਲ ਵਾਰਮਿੰਗ ਮਨੁੱਖੀ ਜੀਵਨ ਨੂੰ ਨਕਾਰਾਤਮਕ ਤੌਰ ‘ਤੇ ਪ੍ਰਭਾਵਿਤ ਕਰਨ ਦੇ ਕੁਝ ਤਰੀਕੇ ਹਨ: ਇਹ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਗਰਮੀ ਨਾਲ ਸਬੰਧਤ ਬਿਮਾਰੀਆਂ ਤੇ ਮੌਤਾਂ ਦੇ ਜੋਖਮ ਨੂੰ ਵਧਾਉਂਦਾ ਹੈ; ਇਹ ਹਵਾ ਦੀ ਗੁਣਵੱਤਾ ਨੂੰ ਵਿਗਾੜਦਾ ਹੈ ਅਤੇ ਦਮਾ ਵਰਗੀਆਂ ਅੰਤਰੀਵ ਦਿਲ ਤੇ ਸਾਹ ਦੀਆਂ ਸਥਿਤੀਆਂ ਤੋਂ ਪੇਚੀਦਗੀਆਂ ਨੂੰ ਵਧਾਉਂਦਾ ਹੈ; ਇਹ ਵਧੇਰੇ ਵਾਰ-ਵਾਰ ਅਤੇ ਤੀਬਰ ਮੌਸਮੀ ਘਟਨਾਵਾਂ, ਜਿਵੇਂ ਕਿ ਸੋਕਾ, ਜੰਗਲੀ ਅੱਗ, ਹੜ੍ਹ ਅਤੇ ਤੂਫਾਨ ਵੱਲ ਲੈ ਜਾਂਦਾ ਹੈ, ਜੋ ਜੀਵਨ, ਸਿਹਤ ਅਤੇ ਸਮਾਜਿਕ ਸੇਵਾਵਾਂ ਨੂੰ ਖਤਰੇ ਵਿੱਚ ਪਾਉਂਦਾ ਹੈ। ਇਹ ਕੀੜਿਆਂ ਅਤੇ ਰੋਗਾਣੂਆਂ ਨੂੰ ਨਵੇਂ ਖੇਤਰਾਂ ਵਿੱਚ ਫੈਲਣ ਵਿੱਚ ਮਦਦ ਕਰਦਾ ਹੈ, ਪਾਣੀ ਤੋਂ ਤੇ ਭੋਜਨ ਦੁਆਰਾ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਦੁਆਰਾ ਪੈਦਾ ਹੋਣ ਵਾਲੀਆਂ ਬਿਮਾਰੀਆਂ, ਜਿਵੇਂ ਕਿ ਮਲੇਰੀਆ, ਡੇਂਗੂ ਬੁਖਾਰ, ਲਾਈਮ ਬਿਮਾਰੀ ਅਤੇ ਵੈਸਟ ਨੀਲ ਵਾਇਰਸ ਦੇ ਸੰਪਰਕ ਵਿੱਚ ਵਾਧਾ ਕਰਦਾ ਹੈ। ਇਹ ਭੋਜਨ ਪ੍ਰਣਾਲੀਆਂ ਵਿੱਚ ਵਿਘਨ ਪਾਉਂਦਾ ਹੈ ਅਤੇ ਭੋਜਨ ਦੀ ਪੌਸ਼ਟਿਕ ਗੁਣਵੱਤਾ ਤੇ ਸੁਰੱਖਿਆ ਨੂੰ ਘਟਾਉਂਦਾ ਹੈ, ਜਿਸ ਨਾਲ ਕੁਪੋਸ਼ਣ, ਦਸਤ ਤੇ ਭੋਜਨ ਜ਼ਹਿਰ ਦਾ ਕਾਰਨ ਬਣਦਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂ. ਐਚ. ਓ.) ਅਨੁਸਾਰ ਇਨ੍ਹਾਂ ਪ੍ਰਭਾਵਾਂ ਤੋਂ 2030 ਅਤੇ 2050 ਦੇ ਵਿਚਕਾਰ ਜਲਵਾਯੂ ਤਬਦੀਲੀ ਕਾਰਨ ਪ੍ਰਤੀ ਸਾਲ ਲਗਭਗ 250,000 ਵਾਧੂ ਮੌਤਾਂ ਦੀ ਸੰਭਾਵਨਾ ਹੈ। ਸਭ ਤੋਂ ਕਮਜ਼ੋਰ ਲੋਕ-ਬੱਚੇ, ਬਜ਼ੁਰਗ, ਗਰੀਬ ਤੇ ਜਿਹੜੇ ਸਿਹਤ ਸਥਿਤੀਆਂ ਵਾਲੇ ਹਨ, ਜਲਵਾਯੂ-ਸਬੰਧੀ ਸਿਹਤ ਪ੍ਰਭਾਵਾਂ ਲਈ ਵਧੇ ਹੋਏ ਜੋਖਮ ਵਿੱਚ ਹਨ।

ਗਲੋਬਲ ਵਾਰਮਿੰਗ ਨੂੰ ਬਦਤਰ ਹੋਣ ਤੋਂ ਰੋਕਣ ਦੇ ਕਈ ਤਰੀਕੇ ਹਨ। ਉਨ੍ਹਾਂ ਵਿੱਚੋਂ ਕੁਝ ਹਨ: ਜੈਵਿਕ ਇੰਧਣ ਦੀ ਬਜਾਏ ਨਵਿਆਉਣਯੋਗ ਊਰਜਾ ਸਰੋਤਾਂ ਜਿਵੇਂ ਕਿ ਸੂਰਜੀ, ਹਵਾ, ਭੂ-ਥਰਮਲ ਅਤੇ ਬਾਇਓਮਾਸ ਦੀ ਵਰਤੋਂ ਕਰਨਾ। ਨਵਿਆਉਣਯੋਗ ਊਰਜਾ ਸਰੋਤ ਗ੍ਰੀਨਹਾਊਸ ਗੈਸਾਂ ਦਾ ਨਿਕਾਸ ਨਹੀਂ ਕਰਦੇ ਅਤੇ ਸਾਡੇ ਘਰਾਂ ਤੇ ਇਮਾਰਤਾਂ ਲਈ ਸਾਫ਼ ਅਤੇ ਟਿਕਾਊ ਸ਼ਕਤੀ ਪ੍ਰਦਾਨ ਕਰ ਸਕਦੇ ਹਨ। ਗੈਸੋਲੀਨ ਜਾਂ ਡੀਜ਼ਲ ਨੂੰ ਸਾੜਨ ਵਾਲੀਆਂ ਕਾਰਾਂ ਦੀ ਥਾਂ ਇਲੈਕਟ੍ਰਿਕ ਵਾਹਨ ਚਲਾਉਣਾ ਜਾਂ ਜਨਤਕ ਆਵਾਜਾਈ ਦੀ ਵਰਤੋਂ ਕਰਨਾ। ਇਲੈਕਟ੍ਰਿਕ ਵਾਹਨ ਬੈਟਰੀਆਂ ‘ਤੇ ਚੱਲਦੇ ਹਨ, ਜਿਨ੍ਹਾਂ ਨੂੰ ਨਵਿਆਉਣਯੋਗ ਊਰਜਾ ਨਾਲ ਚਾਰਜ ਕੀਤਾ ਜਾ ਸਕਦਾ ਹੈ ਅਤੇ ਜਨਤਕ ਆਵਾਜਾਈ ਸੜਕ ‘ਤੇ ਵਾਹਨਾਂ ਦੀ ਗਿਣਤੀ ਤੇ ਉਨ੍ਹਾਂ ਦੁਆਰਾ ਪੈਦਾ ਹੋਣ ਵਾਲੇ ਨਿਕਾਸ ਨੂੰ ਘਟਾਉਂਦੀ ਹੈ। ਸਾਡੇ ਘਰਾਂ ਤੇ ਇਮਾਰਤਾਂ ਨੂੰ ਇੰਸੂਲੇਟ ਕਰਕੇ, ਊਰਜਾ-ਕੁਸ਼ਲ ਉਪਕਰਨਾਂ ਅਤੇ ਲਾਈਟਾਂ ਦੀ ਵਰਤੋਂ ਕਰਕੇ ਅਤੇ ਵਰਤੋਂ ਵਿੱਚ ਨਾ ਹੋਣ ‘ਤੇ ਡਿਵਾਈਸਾਂ ਨੂੰ ਬੰਦ ਜਾਂ ਅਨਪਲੱਗ ਕਰਕੇ ਊਰਜਾ ਬਚਾਉਣਾ। ਊਰਜਾ ਨੂੰ ਬਚਾਉਣਾ ਬਿਜਲੀ ਦੀ ਮੰਗ ਅਤੇ ਜੈਵਿਕ ਇੰਧਣ ਦੀ ਮਾਤਰਾ ਨੂੰ ਘਟਾਉਂਦਾ ਹੈ, ਜੋ ਇਸਨੂੰ ਪੈਦਾ ਕਰਨ ਲਈ ਸਾੜਿਆ ਜਾਂਦਾ ਹੈ। ਰੁੱਖ ਲਗਾ ਕੇ, ਕੁਦਰਤੀ ਵਾਤਾਵਰਣ ਨੂੰ ਬਹਾਲ ਕਰਕੇ ਜਾਂ ਕਾਰਬਨ ਕੈਪਚਰ ਅਤੇ ਸਟੋਰੇਜ ਤਕਨੀਕਾਂ ਦੀ ਵਰਤੋਂ ਕਰਕੇ ਕਾਰਬਨ ਹਟਾਉਣ ਵਿੱਚ ਨਿਵੇਸ਼ ਕਰਨਾ। ਕਾਰਬਨ ਹਟਾਉਣਾ ਕਾਰਬਨ ਡਾਈਆਕਸਾਈਡ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਦਾ ਹੈ, ਜੋ ਅਸੀਂ ਇਸਨੂੰ ਬਾਹਰ ਕੱਢ ਕੇ ਅਤੇ ਇਸਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਕੇ ਵਾਯੂਮੰਡਲ ਵਿੱਚ ਛੱਡਦੇ ਹਾਂ। ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਨਾ, ਜੋ ਟਿਕਾਊ ਅਭਿਆਸਾਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਵੇਂ ਕਿ ਰੀਸਾਈਕਲਿੰਗ, ਕੰਪੋਸਟਿੰਗ, ਜੈਵਿਕ ਖੇਤੀ ਅਤੇ ਹਰੇ ਉਤਪਾਦ। ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਨਾ ਦੂਰ-ਦੁਰਾਡੇ ਸਥਾਨਾਂ ਤੋਂ ਮਾਲ ਆਯਾਤ ਕਰਨ ਨਾਲ ਸਬੰਧਿਤ ਆਵਾਜਾਈ ਲਾਗਤਾਂ ਤੇ ਨਿਕਾਸ ਨੂੰ ਘਟਾਉਂਦਾ ਹੈ ਅਤੇ ਇੱਕ ਵਧੇਰੇ ਲਚਕੀਲਾ ਤੇ ਸਿਹਤਮੰਦ ਭਾਈਚਾਰਾ ਬਣਾਉਣ ਵਿੱਚ ਵੀ ਮਦਦ ਕਰਦਾ ਹੈ। ਸਾਡੇ ਚੁਣੇ ਹੋਏ ਅਧਿਕਾਰੀਆਂ ਨਾਲ ਸੰਪਰਕ ਕਰਕੇ, ਵਾਤਾਵਰਣ ਸਮੂਹਾਂ ਵਿੱਚ ਸ਼ਾਮਲ ਹੋ ਕੇ, ਪਟੀਸ਼ਨਾਂ ‘ਤੇ ਦਸਤਖਤ ਕਰਕੇ, ਰੈਲੀਆਂ ਵਿੱਚ ਸ਼ਾਮਲ ਹੋ ਕੇ ਅਤੇ ਆਪਣੇ ਦੋਸਤਾਂ ਤੇ ਪਰਿਵਾਰ ਵਿੱਚ ਜਾਗਰੂਕਤਾ ਫੈਲਾ ਕੇ ਜਲਵਾਯੂ ਕਾਰਵਾਈ ਲਈ ਬੋਲਣਾ ਦਰਸਾਉਂਦਾ ਹੈ ਕਿ ਅਸੀਂ ਆਪਣੇ ਗ੍ਰਹਿ ਦੇ ਭਵਿੱਖ ਦੀ ਪਰਵਾਹ ਕਰਦੇ ਹਾਂ ਅਤੇ ਇਹ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੇ ਨੇਤਾ ਗਲੋਬਲ ਵਾਰਮਿੰਗ ਨੂੰ ਹੱਲ ਕਰਨ ਲਈ ਜ਼ਰੂਰੀ ਤੇ ਸਾਰਥਕ ਕਦਮ ਚੁੱਕਣ। ਇਹ ਕੁਝ ਕਾਰਵਾਈਆਂ ਹਨ, ਜੋ ਅਸੀਂ ਵਿਅਕਤੀਗਤ ਤੌਰ ‘ਤੇ ਅਤੇ ਇੱਕ ਸਮਾਜ ਵਜੋਂ ਗਲੋਬਲ ਵਾਰਮਿੰਗ ਨੂੰ ਰੋਕਣ ਲਈ ਕਰ ਸਕਦੇ ਹਾਂ। ਮਿਲ ਕੇ ਕੰਮ ਕਰਨ ਨਾਲ ਅਸੀਂ ਇੱਕ ਫਰਕ ਲਿਆ ਸਕਦੇ ਹਾਂ ਅਤੇ ਆਪਣੇ ਲਈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਗ੍ਰਹਿ ਦੀ ਰੱਖਿਆ ਕਰ ਸਕਦੇ ਹਾਂ।

# ਸਾਦ ਮੁਰਾਦੀ ਸ਼ਖਸੀਅਤ ਪੰਥ ਰਤਨ ਮਾਸਟਰ ਤਾਰਾ ਸਿੰਘ

ਦਿਲਜੀਤ ਸਿੰਘ ਬੇਦੀ
ਫੋਨ: +91-76579-68570



## 24 ਜੂਨ ਨੂੰ ਜਨਮ ਦਿਨ 'ਤੇ ਵਿਸ਼ੇਸ਼



ਪੰਥ ਰਤਨ ਮਾਸਟਰ ਤਾਰਾ ਸਿੰਘ ਦੀ ਸਾਦਮੁਰਾਦੀ ਸ਼ਖਸੀਅਤ ਨੂੰ 1926 ਤੋਂ 1966 ਤੱਕ ਕਰੀਬ 40 ਵਰ੍ਹੇ ਸਿੱਖ ਤਵਾਰੀਖ ਦੇ ਆਪਣੇ ਇਰਦ-ਗਿਰਦ ਕੇਂਦਰਤ ਰੱਖਣ ਦਾ ਮਾਣ ਹਾਸਲ ਹੈ। ਮਾਸਟਰ ਤਾਰਾ ਸਿੰਘ ਨੇ ਬਖਸ਼ੀ ਗੋਪੀ ਚੰਦ ਮਲਹੋਤਰਾ ਦੇ ਘਰ ਮਾਤਾ ਮੂਲਾਂ ਦੇਵੀ ਦੀ ਕੁੱਖੋਂ ਪਿੰਡ ਹਰਿਆਲ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿੱਚ 24 ਜੂਨ 1885 ਨੂੰ ਜਨਮ ਲਿਆ। ਪਰਿਵਾਰ ਭਾਵੇਂ ਹਿੰਦੂ ਧਰਮ ਨਾਲ ਸਬੰਧ ਰੱਖਦਾ ਸੀ, ਪਰ ਉਨ੍ਹਾਂ ਦਾ ਰੁਝਾਨ ਸਿੱਖ ਧਰਮ ਵੱਲ ਹੀ ਰਿਹਾ। ਮਾਸਟਰ ਤਾਰਾ ਸਿੰਘ ਦਾ ਬਚਪਨ ਦਾ ਨਾਮ ਨਾਨਕ ਚੰਦ ਸੀ। ਸਕੂਲ ਦੌਰਾਨ ਹੀ ਉਨ੍ਹਾਂ ਭਾਈ ਰਤਨ ਸਿੰਘ ਭੰਗੂ ਦੀ ਕਿਤਾਬ ਪ੍ਰਾਚੀਨ ਪੰਥ ਪ੍ਰਕਾਸ਼ ਪੜ੍ਹੀ ਅਤੇ ਉਨ੍ਹਾਂ ਉਤੇ ਸਿੱਖ ਤਵਾਰੀਖ ਦਾ ਬੜਾ ਅਸਰ ਹੋਇਆ। ਰਾਵਲਪਿੰਡੀ ਵਿਖੇ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਧਰਮ ਪ੍ਰਚਾਰ ਕਰ ਰਹੇ ਸਨ। ਨਾਨਕ ਚੰਦ (ਮਾਸਟਰ ਤਾਰਾ ਸਿੰਘ) ਕੁਝ ਨੌਜਵਾਨਾਂ ਨਾਲ ਉਨ੍ਹਾਂ ਨੂੰ ਸੁਣਨ ਵਾਸਤੇ ਗਏ ਤਾਂ ਉਨ੍ਹਾਂ ਦੇ ਵਿੱਚਾਰਾਂ ਦੇ ਪ੍ਰਵਾਹ ਨੇ ਮਨ 'ਤੇ ਐਸਾ ਪ੍ਰਭਾਵ ਪਾਇਆ ਕਿ ਉਹ ਅੰਮ੍ਰਿਤ ਛਕ ਕੇ ਹੀ ਘਰ ਪਰਤੇ। ਜਦ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਕੇ ਸਿਰ 'ਤੇ ਦਸਤਾਰ ਸਜਾਈ, ਗਲ 'ਚ ਕਿਰਪਾਨ ਪਾਈ ਘਰ ਪਰਤੇ ਤਾਂ ਘਰ ਦੇ ਜੀਅ ਨਾਰਾਜ਼ ਹੋਏ; ਪਰ ਉਨ੍ਹਾਂ ਨੇ ਇਸ ਨਾਰਾਜ਼ਗੀ ਨੂੰ ਅੱਖੋਂ-ਪਰੋਖੇ ਹੀ ਰੱਖਿਆ।

ਖਾਲਸਾ ਕਾਲਜ ਪੜ੍ਹਾਈ ਦੌਰਾਨ ਹੀ 1907 ਵਿੱਚ ਮਾਸਟਰ ਤਾਰਾ ਸਿੰਘ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਬਣੇ ਅਤੇ ਬੀ.ਏ. ਇਸੇ ਸਾਲ ਗੋਲਡ ਮੈਡਲ ਨਾਲ ਪਾਸ ਕੀਤੀ। ਛੇਤੀ ਹੀ ਬਾਅਦ ਮਾਸਟਰ ਤਾਰਾ ਸਿੰਘ ਸਿਆਸੀ ਆਗੂਆਂ ਦੇ ਬਹੁਤ ਹੀ ਨੇੜੇ ਆ ਗਏ। ਸ. ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਸੁੰਦਰ ਸਿੰਘ, ਸ. ਤੇਜਾ ਸਿੰਘ ਦੇ ਚੰਗੇ ਦੋਸਤ ਬਣ ਗਏ। ਉਹ ਲਾਇਲਪੁਰ ਸਕੂਲ ਚੱਕ ਨੰ. 41 ਦੇ ਮੁੱਖ ਅਧਿਆਪਕ ਲੱਗ ਗਏ। ਉਨ੍ਹਾਂ ਦਿਨਾਂ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋ ਗਈ। 21 ਮਈ 1920 ਨੂੰ ਲਾਹੌਰ ਤੋਂ ਪੰਜਾਬੀ ਵਿੱਚ ਰੋਜ਼ਾਨਾ 'ਅਕਾਲੀ' ਅਖ਼ਬਾਰ ਛਪਣੀ ਸ਼ੁਰੂ ਹੋ ਗਈ। ਇਸ ਅਖ਼ਬਾਰ ਨੇ ਸਾਰੇ ਪੰਥ-ਪ੍ਰੇਮੀਆਂ ਨੂੰ ਨੇੜੇ-ਨੇੜੇ ਲੈ ਆਂਦਾ। ਅਖ਼ਬਾਰ ਵਿੱਚ ਗੁਰਦੁਆਰਿਆਂ ਦੀ ਹਾਲਤ ਅਤੇ ਸਿੱਖ ਸਿਆਸਤ ਬਾਰੇ ਇਹ ਹੋਰ ਲਹਿਰ ਵਜੋਂ ਸਮੱਗਰੀ ਛਪਣੀ ਸ਼ੁਰੂ ਹੋਈ, ਜਿਸ ਕਰਕੇ ਸਿੱਖਾਂ ਵਿੱਚ ਜਾਗਰੂਕਤਾ ਆਈ ਅਤੇ ਗੁਰਦੁਆਰਾ ਲਹਿਰ ਤੇਜੀ ਨਾਲ ਜ਼ੋਰ ਫੜ ਗਈ।

ਮਾਸਟਰ ਤਾਰਾ ਸਿੰਘ ਨੇ ਬੜੇ ਬੇਲਾਗ ਢੰਗ ਨਾਲ ਲੀਡਰੀ ਕੀਤੀ ਅਤੇ ਹਰ ਪ੍ਰਕਾਰ ਦੇ ਮੋਹ ਤੋਂ ਬਚੇ ਰਹੇ। ਉਨ੍ਹਾਂ ਦਾ ਸਿਆਸੀ ਜੀਵਨ ਬੇਦਾਗ, ਆਤਮ-ਉਤਸਰਗੀ ਵਾਲਾ ਹੈ। ਉਨ੍ਹਾਂ ਨੇ ਸਿੱਖ ਕੌਮ ਦੇ ਹਿੱਤਾਂ ਲਈ ਜੋ ਸੰਘਰਸ਼ ਕੀਤਾ ਅਤੇ ਉਨ੍ਹਾਂ ਕਰਕੇ ਜੋ ਔਕੜਾਂ ਸਹਿਣੀਆਂ ਪਈਆਂ, ਉਨ੍ਹਾਂ ਲਈ ਸਿੱਖ ਜਗਤ ਵਿੱਚ ਮਾਸਟਰ ਤਾਰਾ ਸਿੰਘ ਦੀ ਬੜੀ ਕਦਰ ਅਤੇ ਇੱਜ਼ਤ ਹੈ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਹ ਵਿਦੇਸ਼ਾਂ ਵਿੱਚ ਵੀ ਗਏ।

ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟਾਉਣ ਲਈ ਸਾਹਿਤ ਦੀ ਰਚਨਾ ਵੀ ਕੀਤੀ। ਕੁਝ ਟ੍ਰੈਕਟਾਂ ਤੋਂ ਇਲਾਵਾ ਆਪ ਨੇ 'ਪ੍ਰੇਮ ਲਗਨ' ਅਤੇ 'ਬਾਬਾ ਤੇਗਾ ਸਿੰਘ' ਨਾਂ ਦੇ ਦੋ ਨਾਵਲ ਲਿਖੇ। ਇਨ੍ਹਾਂ ਤੋਂ ਇਲਾਵਾ ਤਿੰਨ ਲੇਖ ਸੰਗ੍ਰਹਿ, ਇਕ ਸਫ਼ਰਨਾਮਾ ਅਤੇ ਸਵੈ-ਜੀਵਨੀ ਵੀ ਉਪਲਬਧ ਹਨ। ਉਨ੍ਹਾਂ ਨੇ 'ਸੱਚਾ ਢੰਡੋਰਾ' (ਸੰਨ 1909) ਈ.) ਅਤੇ 'ਪਰਦੇਸੀ ਖ਼ਾਲਸਾ' ਨਾਂ ਦੇ ਸਪਤਾਹਿਕ ਰਸਾਲੇ ਸ਼ੁਰੂ ਕੀਤੇ, ਜੋ ਬਾਅਦ ਵਿੱਚ 'ਅਕਾਲੀ' ਅਖ਼ਬਾਰ ਦੇ ਰੂਪ ਵਿੱਚ ਬਦਲ ਗਏ। ਸੰਨ 1961 ਈ. ਵਿੱਚ ਉਨ੍ਹਾਂ ਨੇ 'ਜੱਥੇਦਾਰ' ਨਾਮ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ। ਉਰਦੂ ਵਿੱਚ 'ਪ੍ਰਭਾਤ' ਨਾਂ ਦਾ ਅਖ਼ਬਾਰ ਕੱਢ ਕੇ ਆਪ ਨੇ ਪੰਥਕ ਹਿਤਾਂ ਲਈ ਖ਼ੂਬ ਪ੍ਰਚਾਰ ਕੀਤਾ। ਸੰਨ 1949 ਈ. ਵਿੱਚ ਉਨ੍ਹਾਂ ਵਲੋਂ ਸ਼ੁਰੂ ਕੀਤਾ 'ਸੰਤ ਸਿਪਾਹੀ' ਮਾਸਿਕ ਰਸਾਲਾ ਉਨ੍ਹਾਂ ਦੀ ਸਪੁੱਤਰੀ ਡਾ. ਰਾਜਿੰਦਰ ਕੌਰ ਵਲੋਂ ਲੰਮਾ ਸਮਾਂ ਕੱਢਿਆ ਜਾਂਦਾ ਰਿਹਾ। ਉਨ੍ਹਾਂ ਤੋਂ ਬਾਅਦ ਵੀ ਇਹ ਕਈ ਸਾਲ ਨਿਕਲਦਾ ਰਿਹਾ। ਫਿਰ ਇਹ ਛਪਦਾ ਛਪਦਾ ਬੰਦ ਹੋ ਗਿਆ।

12 ਅਕਤੂਬਰ 1920 ਦੇ ਦਿਨ ਅਖੌਤੀ ਪਛੜੀਆਂ ਜਾਤੀਆਂ ਦੇ ਸਿੱਖਾਂ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੜਾਹ ਪ੍ਰਸਾਦਿ ਭੇਂਟ ਕਰਨ 'ਤੇ ਮਹੰਤ ਵਲੋਂ ਇਨਕਾਰ ਕੀਤੇ ਜਾਣ ਦੇ ਰੋਸ ਵਜੋਂ ਇਹ ਲਹਿਰ ਭਾਂਬੜ ਬਣ ਗਈ। 15 ਨਵੰਬਰ 1920 ਨੂੰ ਸ਼੍ਰੋਮਣੀ ਕਮੇਟੀ ਨਾਮ ਦੀ ਜਥੇਬੰਦੀ ਕਾਇਮ ਹੋਈ। ਇਸ ਦੀ 175 ਮੈਂਬਰੀ ਕਮੇਟੀ ਵਿੱਚ ਮਾਸਟਰ ਤਾਰਾ ਸਿੰਘ ਦਾ ਨਾਮ ਵੀ ਸ਼ਾਮਲ ਸੀ। 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਕਾਇਮ ਹੋ ਗਿਆ। ਇਸ ਦੀ ਪਹਿਲੀ ਬੈਠਕ 24 ਜਨਵਰੀ 1921 ਦੇ ਦਿਨ ਹੋਈ। ਸ੍ਰੀ ਸਰਮੁਖ ਸਿੰਘ ਝਬਾਲ ਇਸ ਦੇ ਜਥੇਦਾਰ ਚੁਣੇ ਗਏ। ਇਸ ਤਰ੍ਹਾਂ ਦੋਹਾਂ ਜਥੇਬੰਦੀਆਂ ਨੇ ਰਲ ਕੇ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਜੱਦੋ ਜਹਿਦ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤੀ। 20 ਫਰਵਰੀ 1921 ਨੂੰ 200 ਦੇ ਕਰੀਬ ਸਿੱਖਾਂ ਦਾ ਇੱਕ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗਿਆ ਤਾਂ ਉਥੇ ਮਹੰਤਾਂ ਨੇ 130 ਤੋਂ ਵੱਧ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ।

7 ਨਵੰਬਰ 1921 ਨੂੰ ਜਦੋਂ ਅੰਗਰੇਜ਼ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਤੋਂ ਖੋਹ ਲਈਆਂ ਤਾਂ ਸਿੱਖਾਂ ਨੇ ਇਸ ਦੇ ਖਿਲਾਫ ਮੋਰਚਾ ਲਗਾ ਦਿੱਤਾ। ਇਸ ਸਮੇਂ ਹੋਰ ਆਗੂਆਂ ਨਾਲ ਮਾਸਟਰ ਤਾਰਾ ਸਿੰਘ ਵੀ ਗ੍ਰਿਫਤਾਰ ਕਰ ਲਏ ਗਏ। 12 ਅਕਤੂਬਰ 1923 ਨੂੰ ਅੰਗਰੇਜ਼ ਸਰਕਾਰ ਨੇ ਦੋਹਾਂ ਜਥੇਬੰਦੀਆਂ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ, ਪਰ ਅਕਾਲੀ ਲਹਿਰ 1925 ਤੱਕ ਉਵੇਂ ਹੀ ਚਲਦੀ ਰਹੀ। ਗੁਰਦੁਆਰਾ ਐਕਟ ਪਾਸ ਹੋਣ ਤੋਂ ਬਾਅਦ ਜਨਵਰੀ 1926 ਵਿੱਚ ਸਰਕਾਰ ਨੇ ਕੁਝ ਅਕਾਲੀ ਆਗੂ ਇਸ ਸ਼ਰਤ 'ਤੇ ਰਿਹਾਅ ਕਰ ਦਿੱਤੇ ਕਿ ਉਹ ਗੁਰਦੁਆਰਾ ਐਕਟ ਅਨੁਸਾਰ ਚੱਲਣਗੇ, ਪਰ ਮਾਸਟਰ ਤਾਰਾ ਸਿੰਘ ਇਹ ਸ਼ਰਤ ਮੰਨ ਕੇ ਰਿਹਾਅ ਹੋਣ ਲਈ ਤਿਆਰ ਨਹੀਂ ਸਨ। ਮਾਸਟਰ ਤਾਰਾ ਸਿੰਘ ਦੇ ਨਾਲ ਖੜ੍ਹੇ ਰਹਿਣ ਵਾਲੇ ਆਗੂ ਜਥੇਦਾਰ ਤੇਜਾ ਸਿੰਘ ਸਮੁੰਦਰੀ 17 ਜੁਲਾਈ 1926 ਦੇ ਦਿਨ ਚੜ੍ਹਾਈ ਕਰ ਗਏ। ਉਨ੍ਹਾਂ ਤੋ ਬਾਅਦ ਇਸ ਗਰੁੱਪ ਨੇ ਮਾਸਟਰ ਤਾਰਾ ਸਿੰਘ ਨੂੰ ਅਪਾਣਾ ਆਗੂ ਚੁਣ ਲਿਆ। ਸਤੰਬਰ 1926 ਨੂੰ ਬਾਕੀ ਆਗੂਆਂ ਨੂੰ ਵੀ ਮਾਸਟਰ ਤਾਰਾ ਸਿੰਘ ਨਾਲ ਰਿਹਾਅ ਕਰ ਦਿੱਤਾ ਗਿਆ। ਇਸ ਉਪਰੰਤ ਅਕਾਲੀ ਸਿਆਸਤ ਮਾਸਟਰ ਤਾਰਾ ਸਿੰਘ ਦੇ ਦੁਆਲੇ ਹੀ ਘੁੰਮਦੀ ਰਹੀ।

2 ਅਕਤੂਬਰ 1926 ਨੂੰ ਸੈਂਟਰਲ ਬੋਰਡ ਦੀ ਇਕੱਤਰਤਾ ਹੋਈ, ਜਿਸ ਵਿੱਚ ਬਾਬਾ ਖੜਕ ਸਿੰਘ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਬਣੇ। ਇਸੇ ਦਿਨ ਹੀ ਬੋਰਡ ਦਾ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ ਗਿਆ। 1927 ਵਿੱਚ ਸਿੱਖ ਸਿਆਸਤ ਦੀ ਅਗਵਾਈ ਮੁਕੰਮਲ ਤੌਰ 'ਤੇ ਅਕਾਲੀ ਦਲ ਨੇ ਸੰਭਾਲ ਲਈ। 1928 ਵਿੱਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ ਵਿਰੁੱਧ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਮੁਜ਼ਾਹਰੇ ਕੀਤੇ ਗਏ। ਸਰਕਾਰ ਜਿਥੇ ਕਿਤੇ ਵੀ ਸਿੱਖਾਂ ਨੂੰ ਅੱਖੋਂ ਪਰੋਖੇ ਕਰ ਕੇ ਕੋਈ ਫ਼ੈਸਲਾ ਲੈਂਦੀ ਤਾਂ ਮਾਸਟਰ ਤਾਰਾ ਸਿੰਘ ਉਸ ਦਾ ਡਟਵਾਂ ਵਿਰੋਧ ਕਰਦੇ।

ਮਾਸਟਰ ਤਾਰਾ ਸਿੰਘ ਦੇ ਨਿਕਟਵਰਤੀ ਰਹੇ ਗਿਆਨੀ ਰਵੇਲ ਸਿੰਘ ਨੇ 4 ਦਸੰਬਰ 1999 ਦੇ ਸਮਾਗਮ ਵਿੱਚ ਬੋਲਦਿਆਂ ਕਿਹਾ ਸੀ ਕਿ 25 ਮਾਰਚ 1947 ਨੂੰ ਵੀ ਗੁਰੂ ਕਾ ਬਾਗ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅਸਥਾਨ 'ਤੇ ਹੀ ਦੀਵਾਨ ਕੀਤਾ ਗਿਆ ਸੀ, ਜਿਸ ਵਿੱਚ ਹਿੰਦੂ ਅਤੇ ਸਿੱਖ ਲੀਡਰ ਸ਼ਾਮਲ ਹੋਏ ਸਨ। ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਈਸ਼ਰ ਸਿੰਘ ਮਝੈਲ, ਪ੍ਰਿੰ. ਗੰਗਾ ਸਿੰਘ, ਕੈਪਟਨ ਕੇਸ਼ਪ ਚੰਦਰ, ਡਾ. ਭਗਤ ਰਾਮ ਅਤੇ ਹੋਰ ਲੀਡਰਾਂ ਨੇ ਉਸ ਦੀਵਾਨ ਵਿੱਚ ਤਕਰੀਰਾਂ ਕੀਤੀਆਂ ਸਨ। ਬੰਗਾਲ ਅਤੇ ਪੰਜਾਬ ਦੇ ਕੁੱਝ ਹਿੱਸੇ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤੇ ਜਾਣ ਤੋਂ ਬਚਾਅ ਲਿਆ ਗਿਆ। ਸਰਦਾਰ ਪਟੇਲ ਦਾ ਵੀ ਮਾਸਟਰ ਤਾਰਾ ਸਿੰਘ ਨੂੰ ਸਹਿਯੋਗ ਸੀ। ਮਾਸਟਰ ਤਾਰਾ ਸਿੰਘ ਅੰਦਰ ਪੰਥ ਦੀ ਚੜ੍ਹਦੀਕਲਾ ਤੇ ਸਿੱਖ ਸ਼ਕਤੀਸ਼ਾਲੀ ਹੋਣ ਦਾ ਚਾਓ ਸੀ। ਉਹ ਹਮੇਸ਼ਾ "ਪੰਥ ਵਸੈ ਮੈਂ ਉਜੜਾਂ" ਧਾਰਨਾ ਦੇ ਹਾਮੀ ਰਹੇ।

ਮੁਗਲਾਂ ਤੇ ਅੰਗਰੇਜ਼ਾਂ ਦੇ ਰਾਜ ਕਾਲ ਸਮੇਂ ਅਤੇ ਦੇਸ਼ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਵਿੱਚ ਸਿੱਖਾਂ ਦੀ ਕੁਰਬਾਨੀ ਪਹਿਲੇ ਨੰਬਰ 'ਤੇ ਰਹੀ ਹੈ। 15 ਅਗਸਤ 1947 ਤੱਕ ਮਾਸਟਰ ਤਾਰਾ ਸਿੰਘ ਦੇਸ਼ ਭਗਤ ਅਤੇ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਦੇ ਸਾਂਝੇ ਲੀਡਰ ਸਮਝ ਜਾਂਦੇ ਰਹੇ, ਪਰ ਆਜ਼ਾਦੀ ਮਿਲਦਿਆਂ ਹੀ ਕਾਂਗਰਸੀ ਲੀਡਰਾਂ ਨੇ ਮਾਸਟਰ ਤਾਰਾ ਸਿੰਘ ਨੂੰ ਜ਼ੋਰਦਾਰ ਤਰੀਕੇ ਨਾਲ ਫਿਰਕੂ ਕਹਿੰਦਿਆਂ ਉਨ੍ਹਾਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਬਾਵਜੂਦ ਮਾਸਟਰ ਤਾਰਾ ਸਿੰਘ ਨੇ ਹਿੰਦੂਆਂ ਨੂੰ ਸਦਾ ਨਾਲ ਰੱਖਣ ਦਾ ਯਤਨ ਕੀਤਾ ਤੇ ਦੇਸ਼ ਪ੍ਰਤੀ ਹਮੇਸ਼ਾ ਵਫਾਦਾਰ ਰਹੇ। ਘਟਨਾਵਾਂ ਕਈ ਹਨ, ਜਿਨ੍ਹਾਂ ਦਾ ਵੇਰਵਾ ਵਿਸਥਾਰ ਮੰਗਦਾ ਹੈ।

ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ 'ਤੇ ਕਈ ਵਾਰ ਕਾਬਜ ਹੋਏ। ਪਹਿਲੀ ਵਾਰ 12 ਅਕਤੂਬਰ 1930 ਤੋਂ 17 ਜੂਨ 1933, ਦੂਜੀ ਵਾਰ 13 ਜੂਨ 1936 ਤੋਂ 19 ਨਵੰਬਰ 1944, ਤੀਜੀ ਵਾਰ 7 ਫਰਵਰੀ 1955 ਤੋਂ 21 ਮਈ 1955, ਚੌਥੀ ਵਾਰ 16 ਅਕਤੂਬਰ 1955 ਤੋਂ 16 ਨਵੰਬਰ 1958, ਪੰਜਵੀਂ ਵਾਰ 7 ਮਾਰਚ 1960 ਤੋਂ 30 ਅਪਰੈਲ 1960, ਛੇਵੀਂ ਵਾਰ 10 ਮਾਰਚ 1961 ਤੋਂ 11 ਮਾਰਚ 1962 ਤੱਕ ਉਹ ਪ੍ਰਧਾਨ ਬਣੇ। 22 ਨਵੰਬਰ 1967 ਨੂੰ ਚੰਡੀਗੜ੍ਹ ਵਿਖੇ ਮਾਸਟਰ ਤਾਰਾ ਸਿੰਘ ਚੜ੍ਹਾਈ ਕਰ ਗਏ। ਉਨ੍ਹਾਂ ਦੀ ਮੌਤ ਨਾਲ ਸਿੱਖ ਸਿਆਸਤ ਦਾ ਇੱਕ ਅਧਿਆਇ ਖਤਮ ਹੋ ਗਿਆ।

# ਛੱਜੂ ਦਾ ਚੁਬਾਰਾ

ਡਾ. ਮਦਨ ਲਾਲ ਹਸੀਜਾ
ਸ਼੍ਰੋਮਣੀ ਗਿਆਨ ਸਾਹਿਤ ਲੇਖਕ



"ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ਼ ਨਾ ਬੁਖ਼ਾਰੇ" ਆਓ ਇਸ ਮਸ਼ਹੂਰ ਕਹਾਵਤ ਦੇ ਪਿਛੋਕੜ ਉਤੇ ਝਾਤ ਮਾਰਦੇ ਹਾਂ। ਲਾਹੌਰ ਦੇ ਅਨਾਰਕਲੀ ਬਾਜ਼ਾਰ ਦੀ ਇੱਕ ਤੰਗ ਜਿਹੀ ਗਲੀ ਵਿੱਚ ਇੱਕ ਤਿੰਨ ਮੰਜ਼ਿਲਾ ਮਕਾਨ, ਜਿਸ ਵਿੱਚ ਬਿਲਕੁਲ ਸਾਦਗੀ ਤੇ ਖੁਸ਼ਹਾਲ ਜ਼ਿੰਦਗੀ ਜਿਉਣ ਵਾਲਾ ਹੀਰੇ ਅਤੇ ਸੋਨੇ ਦੇ ਗਹਿਣਿਆਂ ਦਾ ਵਪਾਰੀ ਰਹਿੰਦਾ ਸੀ। ਉਸ ਦੀ ਇਮਾਨਦਾਰੀ ਦੀ ਚਰਚਾ ਹਰ ਪਾਸੇ ਹੁੰਦੀ ਰਹਿੰਦੀ ਸੀ ਕਿ ਉਹ ਕਿਸੇ ਕਿਸਮ ਦੀ ਮਿਲਾਵਟ ਆਦਿ ਨਹੀਂ ਸੀ ਕਰਦਾ ਅਤੇ ਲੋਕੀਂ ਅੱਖਾਂ ਬੰਦ ਕਰ ਕੇ ਉਸ 'ਤੇ ਵਿਸ਼ਵਾਸ ਕਰਦੇ ਸਨ।

ਹੇਠਲੀ ਮੰਜ਼ਿਲ 'ਤੇ ਉਸ ਦੀ ਦੁਕਾਨ ਸੀ, ਦੂਜੀ ਮੰਜ਼ਿਲ 'ਤੇ ਉਸ ਦਾ ਪਰਿਵਾਰ ਰਹਿੰਦਾ ਸੀ, ਜਦੋਂ ਕਿ ਤੀਜੀ ਮੰਜ਼ਿਲ 'ਤੇ ਇੱਕ ਖੁੱਲ੍ਹਾ ਜਿਹਾ ਵੱਡਾ ਚੁਬਾਰਾ ਬਣਾਇਆ ਹੋਇਆ ਸੀ।

ਸਿਰਾਇਕੀ/ਬਹਾਵਲਪੁਰ ਨਾਲ ਸਬੰਧਤ ਇਸ ਮਹਾਨ ਸ਼ਖਸੀਅਤ ਦਾ ਨਾਂ ਛੱਜੂ ਮੱਲ ਭਾਟੀਆ ਸੀ। ਸਫਲ ਵਪਾਰੀ ਹੋਣ ਦੇ ਨਾਲ ਨਾਲ ਉਸ ਦਾ ਸੁਭਾਅ ਬੜਾ ਅਧਿਆਤਮਕ ਰੁਚੀ ਵਾਲਾ ਸੀ। ਦਿਨ ਵੇਲੇ ਕੰਮਕਾਰ ਤੋਂ ਵਿਹਲਾ ਹੋ ਕੇ ਸ਼ਾਮ ਨੂੰ ਆਪਣੇ ਚੁਬਾਰੇ ਵਿੱਚ ਆਸਨ ਲਾ ਲੈਂਦਾ ਅਤੇ ਪਾਠ-ਪੂਜਾ ਵਿੱਚ ਮਗਨ ਹੋ ਜਾਂਦਾ।

ਸੰਤਾਂ, ਫਕੀਰਾਂ ਅਤੇ ਧਾਰਮਕ ਰੁਚੀ ਰੱਖਣ ਵਾਲਿਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ। ਜਿਸ ਕਿਸੇ ਨੂੰ ਵੀ ਹੋਰ ਕਿੱਥੇ ਥਾਂ ਨਾ ਮਿਲਦੀ, ਉਹ 'ਛੱਜੂ ਮੱਲ ਭਾਟੀਆ' ਦੇ ਇਸ ਚੁਬਾਰੇ ਵਿੱਚ ਆ ਕੇ ਠਹਿਰਦਾ। ਉਨ੍ਹਾਂ ਦੇ ਖਾਣ-ਪੀਣ, ਠਹਿਰਣ ਦਾ ਬਹੁਤ ਹੀ ਸ਼ਾਨਦਾਰ ਇੰਤਜ਼ਾਮ ਕੀਤਾ ਜਾਂਦਾ। ਫਕੀਰਾਂ, ਸੂਫੀ ਸੰਤਾਂ, ਸਾਧੂ ਮਹਾਤਮਾ ਨਾਲ ਅਧਿਆਤਮਕ ਚਰਚਾ ਹੁੰਦੀ। ਵਾਪਸ ਜਾਂਦੇ ਹੋਏ ਫਕੀਰਾਂ ਨੂੰ ਖਾਣ-ਪੀਣ ਲਈ ਰਸਦ ਅਤੇ ਇੱਕ ਸਿੱਕਾ ਰਾਹਦਾਰੀ ਲਈ ਭੇਟ ਕੀਤਾ ਜਾਂਦਾ ਸੀ।

ਚੁਬਾਰੇ ਵਿੱਚ ਮਾਹੌਲ ਅਜਿਹਾ ਬਣ ਜਾਂਦਾ ਸੀ ਕਿ ਸਾਰੇ ਫਕੀਰ ਭਜਨ ਕੀਰਤਨ ਵਿੱਚ ਇੰਨੇ ਮਸਤ ਹੋ ਜਾਂਦੇ ਕਿ ਉਹ ਆਪ ਮੁਹਾਰੇ ਹੀ ਨੱਚਣ, ਗਾਉਣ ਲੱਗ ਪੈਂਦੇ। ਮਸਤੀ ਦੀ ਲੋਰ ਵਿੱਚ ਉੱਚਾ ਉੱਚਾ ਗਾਉਂਦੇ,

ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ਼ ਨਾ ਬੁਖਾਰੇ।

ਛੱਜੂ ਮੱਲ, ਜਿਹੜਾ ਹੁਣ 'ਛੱਜੂ ਭਗਤ' ਦੇ ਨਾਂ ਤੋਂ ਜਾਣਿਆ ਜਾਣ ਲੱਗਾ, ਦੇ ਚੁਬਾਰੇ ਵਿੱਚ ਆ ਕੇ ਜੋ ਸਕੂਲ ਮਿਲਦਾ, ਉਨ੍ਹਾਂ ਦੀ ਹਰ ਜ਼ਰੂਰਤ ਦਾ ਖਿਆਲ ਰੱਖਿਆ ਜਾਂਦਾ, ਇਸ ਅਧਿਆਤਮਕ ਮੌਜ ਮਸਤੀ ਨੂੰ ਬਲਖ਼ ਅਤੇ ਬੁਖ਼ਾਰੇ ਵਰਗੇ ਦੁਨੀਆਂ ਦੇ ਅਤਿ ਖੂਬਸੂਰਤ ਸ਼ਹਿਰਾਂ ਦੀ ਦੁਨਿਆਵੀ ਚਕਾਚੌਂਧ ਨਾਲੋਂ ਕਿਤੇ ਵੱਧ ਸਮਝਿਆ ਜਾਣ ਲੱਗਿਆ।

'ਛੱਜੂ ਭਗਤ' ਦੀ ਲੋਕਪ੍ਰਿਅਤਾ ਇੰਨੀ ਵਧ ਗਈ ਸੀ ਕਿ ਉਸ ਨੇ ਆਪਣੇ ਇਸ ਅਧਿਆਤਮ ਦੇ ਕੇਂਦਰ ਚੁਬਾਰੇ ਦੇ ਇੱਕ ਕੋਨੇ ਵਿਚ ਛੋਟਾ ਜਿਹਾ ਕਮਰਾ ਬਣਾ ਲਿਆ, ਜਿੱਥੇ ਉਹ ਆਪਣੇ ਦੁਨਿਆਵੀ ਕੰਮਕਾਰ ਤੋਂ ਬਾਅਦ ਜਪ-ਤਪ ਕਰਨ ਲੱਗਾ। ਉਸ ਦੀ ਪ੍ਰਸਿੱਧੀ ਇੰਨੀ ਵਧ ਗਈ ਕਿ ਹਰ ਮੰਗਲਵਾਰ ਅਤੇ ਸਨਿਚਰਵਾਰ ਨੂੰ ਕਾਫੀ ਗਿਣਤੀ ਵਿੱਚ ਲੋਕੀਂ ਆਉਣ ਲੱਗੇ। ਉਨ੍ਹਾਂ ਦੀਆਂ ਮੰਨਤਾਂ ਪੂਰੀਆਂ ਹੋਣ ਲੱਗੀਆਂ।

ਹੁਣ ਉਹ ਕਾਫੀ ਬਜ਼ੁਰਗ ਹੋ ਗਿਆ ਸੀ, ਚੱਲਣ ਫਿਰਨ ਵਿੱਚ ਲਾਚਾਰ ਹੋ ਗਿਆ ਸੀ। ਕਿਸੇ ਤਰ੍ਹਾਂ ਘਿਸਰਦਾ ਘਿਸਰਦਾ ਆਪਣੇ ਤਪ ਵਾਲੇ ਕਮਰੇ ਅੰਦਰ ਪੁੱਜ ਗਿਆ। ਉਥੇ ਹੀ ਉਸ ਨੇ ਆਪਣੇ ਪ੍ਰਾਣ ਤਿਆਗ ਦਿੱਤੇ। ਇਸੇ ਚੁਬਾਰੇ ਵਿੱਚ ਹੀ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ 'ਲਾਹੌਰ ਦੀ ਸ਼ਾਨ' ਇਸ ਇਮਾਰਤ ਨੂੰ 'ਵਿਰਾਸਤੀ ਭਵਨ' ਘੋਸ਼ਿਤ ਕੀਤਾ ਅਤੇ ਸਰਕਾਰੀ ਖਜ਼ਾਨੇ ਵਿੱਚ ਇਸ ਵਿਰਾਸਤ ਦੀ ਸਾਂਭ ਸੰਭਾਲ ਲਈ ਹਰ ਮਹੀਨੇ ਇੱਕ ਨਿਸ਼ਚਿਤ ਰਾਸ਼ੀ ਦੇਣ ਦਾ ਹੁਕਮ ਦਿੱਤਾ।

ਅਫਸੋਸ ਦੀ ਗੱਲ ਹੈ ਕਿ ਅਧਿਆਤਮਕਤਾ ਦਾ ਕੇਂਦਰ ਇੱਕ ਖੰਡਰ ਦਾ ਰੂਪ ਧਾਰਨ ਕਰ ਗਿਆ ਹੈ। ਲਾਹੌਰ ਦੇ ਮਯੋ ਹਸਪਤਾਲ ਦੇ ਨੇੜੇ ਹੋਣ ਕਾਰਨ ਇਸ ਵਿਰਾਸਤੀ ਇਮਾਰਤ ਨੂੰ ਤੋੜ ਕੇ ਆਪਣੇ ਕੰਪਲੈਕਸ ਵਿੱਚ ਮਿਲਾਉਣ ਦੀ ਤਜਵੀਜ਼ ਬਣਾਈ, ਜਿਸ ਦਾ ਵਿਰੋਧ 'ਛੱਜੂ ਭਗਤ' ਦੇ ਪੈਰੋਕਾਰਾਂ ਨੇ ਡੱਟ ਕੇ ਕੀਤਾ। ਮਾਮਲਾ ਅਦਾਲਤਾਂ ਦੇ ਫੈਸਲੇ ਦੀ ਉਡੀਕ ਕਰ ਰਿਹਾ ਹੈ, ਪਰ 'ਚੁਬਾਰੇ' ਵਾਲੀ ਬਿਲਡਿੰਗ ਹਸਪਤਾਲ ਨੇ ਆਪਣੇ ਕੰਪਲੈਕਸ ਵਿੱਚ ਲੈ ਲਈ ਹੈ, ਜਿਹੜੀ ਜਨਾਨਾ ਵਾਰਡ ਦੇ ਨਾਲ ਲੱਗਦੀ ਹੈ, ਪਰੰਤੂ ਹੁਣ ਉਡੀਕ ਹੈ ਕਿ ਇੱਕ ਇਮਾਨਦਾਰ ਵਪਾਰੀ, ਸਾਧੂ, ਸੰਤਾਂ, ਮਸਤ ਫਕੀਰਾਂ ਦੀ ਸੇਵਾ ਕਰਨ ਵਾਲੇ ਉਸ ਅਧਿਆਤਮਕ ਵਿਅਕਤੀ ਦੇ 'ਚੁਬਾਰੇ' ਦੀ ਮੌਜ ਮਸਤੀ ਦੇ ਪ੍ਰਤੀਕ ਮੁਹਾਵਰੇ 'ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ਼ ਨਾ ਬੁਖ਼ਾਰੇ' ਨੂੰ ਇਤਿਹਾਸ ਦੇ ਪੰਨਿਆਂ ਤੋਂ ਲੁਪਤ ਨਹੀਂ ਹੋਣ ਦਿੱਤਾ ਜਾਵੇਗਾ।

# 'ਮੇਰੇ ਕਤਲ ਪੇ ਆਪ ਭੀ ਚੁਪ ਹੂੰ'

## ਇਸ ਦਰਦ ਦੀ ਕੀ ਦਵਾ ਹੋਵੇ!

**ਦੂਜੀ ਤੇ ਆਖਰੀ ਕਿਸ਼ਤ...**

**ਹੱਡੀਂ ਹੰਢਾਏ ਦਰਦ ਦੀ ਚੀਸ ਸਮੁੱਚੇ ਤੌਰ 'ਤੇ ਕਦੇ ਵੀ ਨਹੀਂ ਜਾਂਦੀ। ਜਦੋਂ ਉਸ ਦਾ ਜ਼ਿਕਰ ਛਿੜਦਾ ਹੈ ਜਾਂ ਜਦੋਂ ਆਲੇ-ਦੁਆਲੇ ਓਹੋ ਜਿਹਾ ਕੁਝ ਵਾਪਰਦਾ ਹੈ ਤਾਂ ਪੀੜ ਮਹਿਸੂਸਦੇ ਲੋਕ ਉਸ ਦਰਦ ਲਈ ਦਵਾ ਦਾ ਆਹਰ-ਪਾਹਰ ਕਰਨ ਦੀ ਸੋਚਦੇ ਹਨ। ਇਹ ਵੱਡੀ ਤ੍ਰਾਸਦੀ ਹੈ ਕਿ ਧਰਮ, ਜਾਤ, ਰੰਗ, ਨਸਲ ਦੇ ਆਧਾਰ 'ਤੇ ਸਮਾਜ 'ਚ ਵੰਡੀਆਂ ਪਈਆਂ ਹੋਣ ਕਰ ਕੇ ਸਮਾਜ ਵਿੱਚ ਵਾਪਰਦੀਆਂ ਵੱਖ ਵੱਖ ਕਿਸਮ ਦੀਆਂ ਉਲਟ ਪ੍ਰਵਿਰਤੀਆਂ ਬਾਬਤ ਅਸੀਂ ਖੁਦ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੰਦੇ; ਬਸ ਗਿਣਤੀ ਦੇ ਕੁਝ ਲੋਕਾਂ ਨੂੰ ਛੱਡ ਕੇ। ਇਸ ਲੇਖ ਵਿੱਚ ਲੇਖਕ ਨੇ ਬੇਇਨਸਾਫੀਆਂ ਤੇ ਮਨੁੱਖੀ ਹੱਕ-ਹਕੂਕਾਂ ਦੀ ਹੋ ਰਹੀ ਲੁੱਟ ਲਈ ਜ਼ਿੰਮੇਵਾਰ ਧਿਰਾਂ ਸਮੇਤ ਭਾਈਚਾਰਿਆਂ ਵਿੱਚ ਫਿਰਕੂ ਜ਼ਹਿਰ ਘੋਲਣ ਵਾਲਿਆਂ ਵਿਰੁੱਧ ਮੌਨ ਤੋੜਨ ਦੀ ਆਰ ਲਾਈ ਹੈ।**



**ਇੰਦਰਜੀਤ ਚੁਗਾਵਾਂ**

ਵੰਡ ਵੇਲੇ ਤਾਂ ਆਪਣਾ ਬਚਾਅ ਕਰਨ ਦਾ ਅਧਿਕਾਰ ਸੀ, ਪਰ '84 ਵੇਲੇ ਤਾਂ ਇਹ ਅਧਿਕਾਰ ਹਜੂਮ ਨੇ ਪੈਰਾਂ ਹੇਠ ਦਰੜ ਦਿੱਤਾ ਸੀ। ਕਾਨੂੰਨ ਘਾੜੇ ਖੁਦ ਹਜੂਮੀਆਂ ਦੀ ਅਗਵਾਈ ਕਰ ਰਹੇ ਸਨ, ਹਜੂਮ ਨੂੰ 'ਦਿੱਤਾ ਹੋਇਆ ਕੰਮ ਸੰਪੂਰਨ' ਕਰਨ ਦੇ ਨਿਰਦੇਸ਼ ਦੇ ਰਹੇ ਸਨ ਤੇ 'ਅਮਨ-ਕਾਨੂੰਨ ਦੇ ਰਾਖੇ' ਉਕਸਾਵਾ ਦੇ ਕੇ ਉਸ ਦੇ ਹੱਥ ਤੀਲੀ ਦੇ ਰਹੇ ਸਨ।

ਇਸ ਤੂਫਾਨ 'ਚ ਆਪਣਾ ਸਭ ਕੁਝ ਗੁਆਉਣ ਤੋਂ ਬਾਅਦ ਵੀ ਕੋਈ ਆਪੇ ਵਿੱਚ ਕਿਵੇਂ ਰਹਿ ਸਕਦਾ ਹੈ? ਇਹ ਸੁਆਲ ਵੀ ਪ੍ਰੇਸ਼ਾਨ ਕਰਨ ਵਾਲਾ ਹੈ। ਤੇ ਇਹ ਸੁਆਲ ਕਿਸ ਨੂੰ ਕੀਤਾ ਜਾਵੇ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕ ਰਾਜ 'ਚ ਉਸ ਦੇ ਲੋਕ ਇਨਸਾਫ ਦੀ ਉਡੀਕ ਕਰਦੇ ਬੁੱਢੇ ਕਿਓਂ ਹੋ ਜਾਂਦੇ ਹਨ? ਸੁਰਜੀਤ ਪਾਤਰ ਦਾ ਲਿਖਿਆ ਬੱਚੇ ਬੱਚੇ ਦੀ ਜ਼ੁਬਾਨ 'ਤੇ ਹੈ,

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ...!

ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹਨ ਵਾਲਾ ਇਹ ਗੀਤ 'ਲੋਕ ਪ੍ਰਤੀਨਿਧਾਂ' ਨੇ ਕਿਓਂ ਨਹੀਂ ਸੁਣਿਆ? ਕੀ ਗੀਤ, ਕਵਿਤਾਵਾਂ ਸਿਰਫ ਪੜ੍ਹਨ-ਸੁਣਨ ਲਈ ਹੀ ਹੁੰਦੇ ਹਨ, ਵਿਚਾਰਨ ਲਈ ਨਹੀਂ?

ਜੇ ਉਹ 'ਲੋਕਾਂ ਦੀ ਸੁਣਨ' ਵਾਲਾ ਖਾਨਾ ਖੁੱਲ੍ਹਾ ਰੱਖਦੇ ਤਾਂ ਕੀ ਜਗਦੀਸ਼ ਕੌਰ ਵਰਗੀਆਂ ਨੂੰ 34 ਸਾਲ ਉਡੀਕ ਕਰਨੀ ਪੈਂਦੀ? ਨਹੀਂ!

ਇੱਕ ਅਖਾਉਤ ਹੈ ਕਿ ਬਾਰ੍ਹੀਂ ਸਾਲੀਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ, ਤੇ ਜਿਨ੍ਹਾਂ ਨੂੰ 34 ਸਾਲ ਬਾਅਦ ਅੱਧ-ਅਧੂਰਾ ਇਨਸਾਫ਼ ਮਿਲਿਆ ਹੈ, ਉਨ੍ਹਾਂ ਨੂੰ ਕੀ ਕਹੀਏ? ਰੂੜੀ ਤੋਂ ਵੀ ਗਏ ਗੁਜ਼ਰੇ?

ਸਭ ਨੂੰ ਪਤਾ ਸੀ ਕਿ ਸੱਜਣ ਕੁਮਾਰ ਕਤਲੇਆਮ ਦਾ ਦੋਸ਼ੀ ਹੈ, ਇਸ ਦੇ ਬਾਵਜੂਦ ਉਸ ਨੂੰ ਵਾਰ ਵਾਰ ਪਾਰਲੀਮੈਂਟ ਭੇਜਣ ਵਾਲੀ ਪਾਰਟੀ ਦੋਸ਼ੀ ਨਹੀਂ ਹੈ? ਕੀ ਇਸ ਨਾਲ ਉਸ ਪਾਰਟੀ ਦੀ ਕਤਲੇਆਮ 'ਚ ਸ਼ਮੂਲੀਅਤ ਸਾਬਤ ਨਹੀਂ ਹੁੰਦੀ?

ਫਿਰਕੂ ਜ਼ਹਿਰ ਦੀ ਜਲਜਲਾ ਖੜ੍ਹਾ ਕਰਨ ਵਾਲੀ ਪਾਰਟੀ 'ਧਰਮ ਨਿਰਪੱਖ' ਕਿਵੇਂ ਹੋ ਗਈ? ਦੋ-ਚਾਰ ਸੀਟਾਂ ਖਾਤਰ ਉਸ ਦੀਆਂ ਲਾਰਾਂ ਚੱਟਣ ਵਾਲਿਆਂ ਦੀ ਅਣਖ, ਉਨ੍ਹਾਂ ਦੇ ਅਸੂਲ ਕਿੱਥੇ ਗਏ?

ਜੇ ਇੰਦਰਾ ਗਾਂਧੀ ਦੇ ਕਤਲ ਨੂੰ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਠਹਿਰਾਇਆ ਜਾ ਸਕਦਾ ਤਾਂ ਉਸ ਦੇ ਕਤਲ ਲਈ ਪੂਰੇ ਭਾਈਚਾਰੇ ਦੇ ਸਫਾਏ ਦੇ ਹੁਕਮ ਦੇਣ ਨੂੰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ?

ਪੁਲਿਸ ਦਾ ਕੰਮ ਤਾਂ ਅਮਨ-ਕਾਨੂੰਨ ਵਿਵਸਥਾ ਦੀ ਰਾਖੀ ਕਰਨਾ ਦੱਸਿਆ ਜਾਂਦਾ ਹੈ, ਉਹ ਪੁਲਿਸ ਜੇ ਖੁਦ 'ਸਿੱਖ ਨੂੰ ਜਲਾਨੇ' ਲਈ ਤੀਲੀ ਫੜਾਉਂਦੀ ਹੈ, ਜੇ ਉਹ ਸੱਜਣ ਕੁਮਾਰ ਤੇ ਉਸ ਵਰਗੇ ਹੋਰਨਾਂ ਕਾਤਲਾਂ ਦੀ ਇਲਾਕੇ ਵਿੱਚ ਮੌਜੂਦਗੀ ਦਰਜ ਕਰਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਉਸ ਨੂੰ ਕਟਹਿਰੇ ਵਿੱਚ ਖੜ੍ਹਾ ਕੌਣ ਕਰੇਗਾ?

ਤੇ ਫੌਜ...! ਸੁਣਿਐਂ ਕਿ ਫੌਜ ਦੇਸ਼ ਦੀ ਰਾਖੀ ਲਈ ਹੁੰਦੀ ਐ ਤੇ ਇਹ ਵੀ ਕਿ ਫੌਜ ਆਪਣੇ ਬੰਦੇ ਦੀ ਰਾਖੀ ਲਈ ਤਾਂ ਜਾਨ ਲੜਾ ਦਿੰਦੀ ਹੈ। ਫਿਰ ਉਹ ਕੌਣ ਸੀ, ਜਿਸ ਕੋਲ ਜਗਦੀਸ਼ ਕੌਰ ਗਈ ਸੀ ਇਹ ਅਰਜੋਈ ਲੈ ਕੇ ਕਿ ਉਸ ਦੇ ਪਤੀ ਤੇ ਪੁੱਤ ਦਾ ਅੰਤਿਮ ਸੰਸਕਾਰ ਹੀ ਕਰ ਦਿਓ, ਜਿਨ੍ਹਾਂ ਦੀਆਂ ਲਾਸ਼ਾਂ ਦੋ ਦਿਨ ਤੋਂ ਉਸ ਦੇ ਘਰ ਪਈਆਂ ਹਨ। ਉਹ ਦੱਸਦੀ ਹੈ ਕਿ ਫੌਜ ਦੇ ਹੈੱਡਕੁਆਰਟਰ ਗਈ ਸੀ ਤੇ ਫੌਜ ਦਾ ਜਰਨੈਲ ਉਸ ਦੀ ਗੱਲ ਸੁਣ ਕੇ, ਕੋਈ ਮਦਦ ਦਾ ਭਰੋਸਾ ਦਿੱਤੇ ਬਿਨਾ ਪਿਛਲੇ ਦਰਵਾਜ਼ਿਓਂ ਨਿਕਲ ਗਿਆ ਸੀ। ਉਹ ਸਿਰਫ ਇੱਕ ਜਰਨੈਲ ਨਹੀਂ ਸੀ ਜੋ ਪਿਛਲੇ ਦਰਵਾਜ਼ਿਓਂ ਨਿਕਲਿਆ, ਉਹ ਤਾਂ ਪੂਰੀ ਫੌਜ ਸੀ!

ਜਰਨੈਲ ਕੋਈ ਇੱਕ ਵਿਅਕਤੀ ਨਹੀਂ ਹੁੰਦਾ, ਉਹ ਤਾਂ ਪੂਰੀ ਸੰਸਥਾ ਹੁੰਦੀ ਹੈ! ਉਹ ਫੌਜ ਦੀ ਅਗਵਾਈ ਕਰਦਾ ਹੈ, ਉਸ ਦੀ ਨੁਮਾਇੰਦਗੀ ਕਰਦਾ ਹੈ। ਇਸ ਲਈ ਜਗਦੀਸ਼ ਕੌਰ ਨੂੰ ਪਿੱਠ ਇੱਕ ਵਿਅਕਤੀ ਨੇ ਨਹੀਂ, ਪੂਰੀ ਫੌਜ ਨੇ ਦਿਖਾਈ ਸੀ।

ਕਿਓਂ ਨਾ ਫਰਜ਼ਾਂ ਨੂੰ ਪਿੱਠ ਦਿਖਾਉਣ ਵਾਲੀ ਫੌਜ ਵੀ ਮੁਜਰਮਾਂ ਦੀ ਕਤਾਰ 'ਚ ਖੜ੍ਹੀ ਕੀਤੀ ਜਾਵੇ? ਕੀ ਜਗਦੀਸ਼ ਕੌਰ ਇਸ ਦੇਸ਼ ਦਾ ਹਿੱਸਾ ਨਹੀਂ ਸੀ? ਉਸ ਦਾ ਬਾਪ ਇੱਕ ਆਜ਼ਾਦੀ ਘੁਲਾਟੀਆ ਸੀ। ਕੀ ਉਸ ਨੇ ਇਹੋ ਜਿਹੀ ਆਜ਼ਾਦੀ ਦੇ ਸੁਪਨੇ ਲਏ ਸਨ?

ਗਲ 'ਚ ਬਲਦੇ ਟਾਇਰ ਪਾ ਕੇ ਪੂਰੇ ਭਾਈਚਾਰੇ ਨੂੰ ਖਤਮ ਕਰਨ ਦੀ ਆਜ਼ਾਦੀ?

ਆਜ਼ਾਦੀ ਦਾ ਮਤਲਬ ਤਾਂ ਹੁੰਦੈ ਸਵੈਮਾਣ ਨਾਲ ਜਿਊਣ ਦਾ ਅਧਿਕਾਰ।

ਆਜ਼ਾਦੀ ਦਾ ਮਤਲਬ ਹੁੰਦੈ ਨਿਰਭਓ-ਨਿਰਵੈਰ ਸਮਾਜ 'ਚ ਆਪਣੀ ਗੱਲ ਕਹਿਣ ਦਾ ਅਧਿਕਾਰ।

ਆਜ਼ਾਦੀ ਦਾ ਮਤਲਬ ਹੁੰਦੈ ਆਪਣੀ ਇੱਛਾ ਮੁਤਾਬਕ ਖਾਣ-ਪੀਣ ਤੇ ਪਹਿਨਣ ਦਾ ਅਧਿਕਾਰ।

ਇਸ ਦੇਸ਼ ਦੇ ਹੁਕਮਰਾਨਾਂ ਨੇ ਕਿਹੜਾ ਅਧਿਕਾਰ ਦਿੱਤੈ ਉਸ ਨੂੰ?

ਉਹ ਠੀਕ ਹੀ ਤਾਂ ਪੁੱਛਦੀ ਹੈ ਕਿ ਕਿਸ ਨੂੰ ਆਪਣਾ ਵਤਨ ਕਹੀਏ? ਕਿਸ ਨੂੰ ਆਪਣਾ ਦੇਸ਼ ਕਹੀਏ?

ਦੇਸ਼ ਭਲਾ ਕੀ ਹੁੰਦੈ?

ਕੀ ਨਦੀਆਂ-ਨਾਲੇ, ਪਹਾੜ, ਖੇਤ, ਮੈਦਾਨ ਤੇ ਦਰਖਤ ਹੀ ਦੇਸ਼ ਹੁੰਦੈ?

ਦੇਸ਼ ਤਾਂ ਲੋਕਾਂ ਨਾਲ ਬਣਦੈ ਯਾਰੋ! ਜੇ ਲੋਕ ਹੀ ਨਹੀਂ ਹੋਣਗੇ ਤਾਂ ਦੇਸ਼ ਕਿਸ ਕੰਮ? ਜੇ ਲੋਕ ਸੁਰੱਖਿਅਤ ਨਹੀਂ ਹੋਣਗੇ ਤਾਂ ਦੇਸ਼ ਕਿਵੇਂ ਸੁਰੱਖਿਅਤ ਰਹੇਗਾ?



ਜਗਦੀਸ਼ ਕੌਰ ਵਰਗੀਆਂ ਦੇ ਹੰਝੂਆਂ ਪੂੰਝਣ ਵਾਲਿਆਂ ਦੀ ਵੀ ਕੋਈ ਕਮੀ ਨਹੀਂ ਸੀ। ਸਧਾਰਨ ਲੋਕ ਹਮੇਸ਼ਾ ਹੰਝੂ ਪੂੰਝਦੇ ਹਨ, ਉਹ ਕਿਸੇ ਦੂਸਰੇ ਦੀ ਅੱਖ 'ਚ ਹੰਝੂ ਦੇਖ ਈ ਨਹੀਂ ਸਕਦੇ। ਪਰ ਇੱਕ ਜਮਾਤ ਅਜਿਹੀ ਵੀ ਹੈ, ਜੋ ਹੰਝੂਆਂ ਦਾ ਵਣਜ ਕਰਨਾ ਖੂਬ ਜਾਣਦੀ ਹੈ। ਇਸ ਜਮਾਤ ਨੇ ਅਨੇਕਾਂ ਜਗਦੀਸ਼ ਕੌਰਾਂ ਦੇ ਹੰਝੂਆਂ ਦੀ ਖੂਬ ਤਜ਼ਾਰਤ ਕੀਤੀ, ਇਸ ਤਜ਼ਾਰਤ ਦੇ ਆਸਰੇ ਰਾਜ ਭਾਗ ਵੀ ਹਾਸਲ ਕੀਤਾ ਤੇ ਸੱਤਾ 'ਤੇ ਬੈਠਦਿਆਂ ਹੀ ਇਨ੍ਹਾਂ ਹੰਝੂਆਂ ਨੂੰ ਵਿਸਾਰ ਦਿੱਤਾ ਤੇ ਸਾਰਾ ਜ਼ੋਰ ਆਪਣੀਆਂ ਤਿਜ਼ੋਰੀਆਂ ਭਰਨ 'ਤੇ ਹੀ ਲਾਇਆ। ਸੱਤਾ ਖੁਸ ਜਾਣ 'ਤੇ ਮੁੜ ਉਹੀ ਤਜ਼ਾਰਤ ਪੂਰੀ ਬੇਸ਼ਰਮੀ ਨਾਲ ਕੀਤੀ। ਇਸ ਜਮਾਤ, ਪੱਗ ਦਾ ਰੰਗ ਨੀਲਾ ਹੋਵੇ, ਭਗਵਾਂ ਹੋਵੇ ਜਾਂ ਚਿੱਟਾ, ਨੂੰ ਦੋਸ਼ੀ ਕਿਓਂ ਨਾ ਐਲਾਨਿਆ ਜਾਵੇ?

ਨੀਲਾ ਤਾਰਾ, ਬਲੈਕ ਥੰਡਰ ਲਈ ਹਾਲਾਤ ਪੈਦਾ ਕਰਨ ਵਾਲੀ ਜਮਾਤ ਇਹੋ ਨਹੀਂ ਸੀ? ਨਾ ਇਹ ਹਾਲਾਤ ਪੈਦਾ ਕੀਤੇ ਜਾਂਦੇ, ਨਾ ਹੀ ਨੀਲੇ ਤਾਰੇ ਪੈਦਾ ਹੁੰਦੇ ਤੇ ਨਾ ਹੀ ਹਜ਼ਾਰਾਂ ਜਗਦੀਸ਼ ਕੌਰਾਂ ਬੇਵਤਨ ਹੁੰਦੀਆਂ! ਤੇ ਸਭ ਤੋਂ ਬੇਚੈਨ ਕਰਨ ਵਾਲਾ ਸੁਆਲ ਇਹ ਕਿ ਦੇਸ਼ ਦੀ ਸਰਵਉੱਚ ਸੰਵਿਧਾਨਕ ਸੰਸਥਾ ਪਾਰਲੀਮੈਂਟ ਵਿੱਚ ਦੇਸ਼ ਦੇ ਬਾਕੀ 'ਲੋਕ ਪ੍ਰਤੀਨਿਧ' ਇਨ੍ਹਾਂ ਕਾਤਲਾਂ ਦੇ ਸੰਗ ਕਿਵੇਂ ਬੈਠਦੇ ਰਹੇ?

ਸੱਜਣ ਕੁਮਾਰ ਕੇਵਲ ਸੰਸਦ ਮੈਂਬਰ ਹੀ ਨਹੀਂ ਬਣਦਾ ਰਿਹਾ, ਸੰਸਦ ਦੀਆਂ ਵੱਖ ਵੱਖ ਕਮੇਟੀਆਂ ਦਾ ਮੈਂਬਰ ਬਣਾ ਕੇ ਉਸ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਂਦਾ ਰਿਹਾ। ਨੰਗੇ ਚਿੱਟੇ ਰੂਪ 'ਚ ਇੱਕ ਵਹਿਸ਼ੀ ਕਾਤਲ ਨੂੰ ਮਾਣ ਸਤਿਕਾਰ ਦੇਣ ਵਾਲੇ ਕਟਹਿਰੇ 'ਚ ਕਿਓਂ ਨਾ ਖੜ੍ਹੇ ਕੀਤੇ ਜਾਣ?

ਕੀ ਮਾਨਵਤਾ ਦਾ ਕੋਈ ਵੀ ਕਾਤਲ ਦੇਸ਼ ਦੀ ਇਸ ਸਰਵਉੱਚ ਕਾਨੂੰਨਸਾਜ਼ ਸੰਸਥਾ ਦਾ ਮੈਂਬਰ ਤਾਂ ਕੀ, ਇਸ ਦਾ ਮੁਖੀਆ ਤੱਕ ਬਣ ਸਕਦਾ ਹੈ?

ਯਾਦ ਕਰੋ ਜ਼ਰਾ, ਗੁਜਰਾਤ 'ਚ ਮੁਸਲਿਮ ਭਾਈਚਾਰੇ ਦੇ ਕਤਲੇਆਮ ਦੇ ਮੁਲਜ਼ਮਾਂ ਨੂੰ!

ਉਹ ਅੱਜ ਕਿੱਥੇ ਬੈਠੇ ਹਨ? ਏਨਾ ਡਰ, ਏਨਾ ਸਹਿਮ? ਹਨੇਰ ਵਰਤਿਆ ਪਿਆ ਹੈ, ਪਰ ਅਸੀਂ ਹਾਂ ਕਿ ਇਨਸਾਫ ਦੀ ਆਸ 'ਚ ਹਾਂ!

ਉਹ ਜੱਜ ਯਾਦ ਨਹੀਂ ਆਪਾਂ ਨੂੰ, ਉਹ ਜਿਹੜਾ ਅਸਲ ਮੁਨਸਿਫ ਸੀ, ਜੱਜ ਲੋਇਆ! ਉਸ ਨੂੰ ਮਾਰ ਦਿੱਤਾ ਗਿਆ ਤੇ ਦੇਸ਼ ਦੀ ਸਰਵਉੱਚ ਅਦਾਲਤ ਉਸ ਦੀ ਮੌਤ ਨੂੰ ਸ਼ੱਕੀ ਹੀ ਨਹੀਂ ਮੰਨਦੀ।

ਕਿੱਧਰ ਨੂੰ ਤੁਰ ਪਏ ਹਾਂ ਅਸੀਂ? ਸਾਡੀ ਜ਼ਮੀਰ ਕਿੱਥੇ ਮਰ-ਖਪ ਗਈ ਹੈ? ਸਾਡਾ ਮਸਤਕ ਜਾਗਦਾ ਕਿਓਂ ਨਹੀਂ?

ਇਹ ਹਜੂਮ ਤਾਂ ਸਾਡੀਆਂ ਰਸੋਈਆਂ ਤੱਕ ਆ ਗਿਆ ਹੈ! ਸਾਡੇ ਚਾਰ ਚੁਫੇਰੇ ਮੁਜ਼ੱਫਰਨਗਰ ਪਸਰਿਆ ਪਿਆ ਹੈ, ਸਾਡੇ ਪਹਿਲੂ ਖਾਨ-ਅਖਲਾਕ ਨੂੰ ਇਹ ਹਜੂਮ ਸਾਡੀਆਂ ਅੱਖਾਂ ਸਾਹਮਣੇ ਕਤਲ ਕਰ ਰਿਹਾ ਹੈ।

ਸਾਡੇ ਬੱਚੇ, ਸਾਡੇ ਬਜ਼ੁਰਗ ਬੇਇਲਾਜੇ ਮਰ ਰਹੇ ਹਨ, ਸਾਨੂੰ ਮੰਗਤੇ ਬਣਾ ਦਿੱਤਾ ਗਿਆ ਹੈ।

ਸਾਨੂੰ ਇਨਸਾਨ ਦੀ ਬਜਾਇ ਪਸ਼ੂ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਪਰ ਅਸੀਂ ਚੁੱਪ ਹਾਂ!

ਮਾਂ ਦੀ ਬਜਾਇ ਗਾਂ ਦੀ ਪੂਜਾ ਕਰਨ ਲਈ ਮਜਬੂਰ ਕਰਨਾ ਪਸ਼ੂ ਬਣਾਉਣਾ ਹੀ ਤਾਂ ਹੈ! ਸਾਡੇ ਸਬਰ ਦਾ ਬੰਨ੍ਹ ਫਿਰ ਵੀ ਨਹੀਂ ਟੁੱਟਦਾ।

ਜੇ ਕੋਈ ਜ਼ੁਬਾਨ ਖੋਲ੍ਹਦਾ ਵੀ ਹੈ ਤਾਂ ਉਸ ਪਿੱਛੇ ਦੋ ਪੈਰੇ ਹਲਕੇ ਕੁੱਤਿਆਂ ਦੀ ਹੇੜ੍ਹ ਛੱਡ ਦਿੱਤੀ ਜਾਂਦੀ ਹੈ। ਨਸੀਰੂਦੀਨ ਸ਼ਾਹ, ਜੋ ਇੱਕ ਸ਼ਾਨਦਾਰ ਅਦਾਕਾਰ ਹੀ ਨਹੀਂ, ਇੱਕ ਸੰਵੇਦਨਸ਼ੀਲ ਮਨੁੱਖ ਵੀ ਹੈ, ਉਸ ਨਾਲ ਕੀ ਵਾਪਰਿਆ ਹੈ? ਉਸ ਦਾ ਕਸੂਰ ਕੀ ਹੈ ਭਲਾ?

ਯੂ. ਪੀ. ਦੇ ਬੁਲੰਦਸ਼ਹਿਰ ਵਿੱਚ ਉਨ੍ਹਾਂ ਗਊ ਰਾਖਿਆਂ, ਜਿਨ੍ਹਾਂ ਕਿਸੇ ਇੱਕ ਵੀ ਗਾਂ ਦੀ ਸੇਵਾ ਲਈ ਕਦੇ ਡੱਕਾ ਦੂਹਰਾ ਤੱਕ ਨਹੀਂ ਕੀਤਾ, ਵੱਲੋਂ ਇੱਕ ਪੁਲਿਸ ਇੰਸਪੈਕਟਰ ਦੇ ਕੀਤੇ ਗਏ ਕਤਲ ਵਿਰੁੱਧ ਆਵਾਜ਼ ਹੀ ਤਾਂ ਉਠਾਈ ਉਸ ਨੇ।

ਜ਼ਰਾ ਦੇਖੋ ਕੀ ਕਿਹਾ ਸੀ ਨਸੀਰ ਨੇ, "ਫਿਕਰ ਹੁੰਦੀ ਹੈ ਆਪਣੇ ਬੱਚਿਆਂ ਦੀ ਕਿ ਜੇ ਉਨ੍ਹਾਂ ਨੂੰ ਕਿਸੇ ਭੀੜ ਨੇ ਘੇਰ ਲਿਆ, ਹਿੰਦੂ ਹੋਵੇ ਜਾਂ ਮੁਸਲਮਾਨ, ਉਨ੍ਹਾਂ ਕੋਲ ਤਾਂ ਕੋਈ ਜੁਆਬ ਹੀ ਨਹੀਂ ਹੋਵੇਗਾ। ਇਹ ਜ਼ਹਿਰ ਫੈਲ ਚੁੱਕਾ ਹੈ, ਇਸ ਜਿੰਨ ਨੂੰ ਦੁਬਾਰਾ ਬੋਤਲ 'ਚ ਬੰਦ ਕਰਨਾ ਮੁਸ਼ਕਿਲ ਹੋਵੇਗਾ। ਖੁੱਲ੍ਹੀ ਛੋਟ ਮਿਲ ਗਈ ਹੈ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ। ਦੇਖ ਰਹੇ ਹਾਂ ਕਿ ਇੱਕ ਗਾਂ ਦੀ ਮੌਤ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਹੈ, ਇੱਕ ਪੁਲਿਸ ਅਫਸਰ ਦੀ ਮੌਤ ਨਾਲੋਂ। ਫਿਕਰ ਹੁੰਦੀ ਹੈ ਆਪਣੀ ਔਲਾਦ ਦੀ! ਕਿਉਂਕਿ ਉਨ੍ਹਾਂ ਦਾ ਤਾਂ ਕੋਈ ਮਜ਼ਹਬ ਹੀ ਨਹੀਂ ਹੈ। ਅਸੀਂ ਆਪਣੇ ਬੱਚਿਆਂ ਨੂੰ ਮਜ਼ਹਬੀ ਤਾਲੀਮ ਦਿੱਤੀ ਹੀ ਨਹੀਂ, ਕਿਉਂਕਿ ਮੇਰੀ ਰਾਇ ਹੈ ਕਿ ਅੱਛਾਈ ਤੇ ਬੁਰਾਈ ਦਾ ਮਜ਼ਹਬ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅੱਛਾਈ ਬੁਰਾਈ ਬਾਰੇ ਉਨ੍ਹਾਂ ਨੂੰ ਜ਼ਰੂਰ ਸਿਖਾਇਆ ਹੈ। ਹਾਲਾਤ ਜਲਦੀ ਸੁਧਰਦੇ ਮੈਨੂੰ ਨਜ਼ਰ ਨਹੀਂ ਆ ਰਹੇ। ਇਨ੍ਹਾਂ ਗੱਲਾਂ ਤੋਂ ਮੈਨੂੰ ਡਰ ਨਹੀਂ, ਗੁੱਸਾ ਆਉਂਦਾ ਹੈ ਤੇ ਮੈਂ ਚਾਹੁੰਦਾ ਹਾਂ ਕਿ ਹਰ ਸਹੀ ਸੋਚ ਵਾਲੇ ਇਨਸਾਨ ਨੂੰ ਗੁੱਸਾ ਆਉਣਾ ਚਾਹੀਦਾ ਹੈ, ਡਰ ਨਹੀਂ ਲੱਗਣਾ ਚਾਹੀਦਾ...।

ਸਾਡਾ ਘਰ ਹੈ, ਸਾਨੂੰ ਕੌਣ ਕੱਢ ਸਕਦਾ ਹੈ।"

ਕੀ ਗਲਤ ਕਿਹਾ ਨਸੀਰ ਨੇ? "ਹਰ ਸਹੀ ਸੋਚ ਵਾਲੇ ਇਨਸਾਨ ਨੂੰ ਗੁੱਸਾ ਆਉਣਾ ਚਾਹੀਦਾ ਹੈ, ਡਰ ਨਹੀਂ ਲੱਗਣਾ ਚਾਹੀਦਾ", ਤੇ ਉਸ ਨਾਲ ਵਾਪਰਿਆ ਕੀ? ਪਾਕਿਸਤਾਨ ਚਲੇ ਜਾਣ ਦੀਆਂ ਨਸੀਹਤਾਂ ਦਿੱਤੀਆਂ ਗਈਆਂ; ਇੱਕ ਗਊ ਰਾਖੇ ਨੇ ਤਾਂ ਟਿਕਟ ਵੀ ਭੇਜ ਦਿੱਤੀ ਸੀ ਪਾਕਿਸਤਾਨ ਦੀ।

ਨਸੀਰੂਦੀਨ ਦੀ ਫਿਕਰਮੰਦੀ 'ਚੋਂ ਮੈਨੂੰ ਇੱਕ ਵਾਰ ਫੇਰ ਭਾਪਾ ਜੀ ਨਜ਼ਰ ਆਏ; ਬੁਰੀ ਤਰ੍ਹਾਂ ਫਿਕਰਮੰਦ ਇੱਕ ਬਾਪ!! ਦਹਿਸ਼ਤਜ਼ਦਾ ਨਹੀਂ, ਪੂਰੀ ਹਿੰਮਤ, ਹੌਸਲੇ ਵਾਲਾ ਬਾਪ!! ਉਸ ਨੂੰ ਦਾਦ ਦੇਣੀ ਬਣਦੀ ਹੈ, ਪਰ ਅਫਸੋਸ ਕਿ ਦਾਦ ਤਾਂ ਕੀ ਦੇਣੀ ਹੈ, ਏਨਾ ਕੁਝ ਵਾਪਰਨ ਦੇ ਬਾਵਜੂਦ ਅਸੀਂ ਹਾਂ ਕਿ ਚੁੱਪ ਬੈਠੇ ਹਾਂ! ਸਾਡਾ ਮੌਨ ਵਰਤ ਟੁੱਟਦਾ ਹੀ ਨਹੀਂ!! ਸ਼ਾਇਦ ਇਹ ਸੋਚ ਰਹੇ ਹਾਂ ਕਿ ਚਲੋ ਸਾਨੂੰ ਕੀ, ਅਸੀਂ ਤਾਂ ਸੁਰੱਖਿਅਤ ਹਾਂ। ਇਸ ਹਾਲਾਤ 'ਤੇ ਨਵਾਜ਼ ਦੇਵਬੰਦੀ ਸਾਹਿਬ ਦਾ ਸ਼ਿਅਰ ਯਾਦ ਆ ਰਿਹਾ ਹੈ,

ਉਸ ਕੇ ਕਤਲ ਪੇ ਮੈਂ ਭੀ ਚੁਪ ਥਾ
ਮੇਰਾ ਨੰਬਰ ਅਬ ਆਯਾ ਹੈ
ਮੇਰੇ ਕਤਲ ਪੇ ਆਪ ਭੀ ਚੁਪ ਹੈਂ
ਅਗਲਾ ਨੰਬਰ ਆਪ ਕਾ ਹੈ।"

ਉਠੋ ਯਾਰੋ...! ਜ਼ਰਾ ਆਪਣਾ ਤੀਸਰਾ ਨੇਤਰ ਖੋਲ੍ਹੋ!

ਬਰੂਹਾਂ ਤੇ ਖੜ੍ਹੇ ਦਾਨਵਾਂ ਨੂੰ ਪਛਾਣੋ!

"ਅਸੀਂ ਤਾਂ ਸੁਰੱਖਿਅਤ ਹਾਂ" ਵਾਲਾ ਸਾਡਾ ਭਰਮ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਹਨੇਰਾ ਬੀਜ ਰਿਹਾ ਹੈ।

ਇਸ ਭਰਮ 'ਚੋਂ ਬਾਹਰ ਆਉਣਾ ਪੈਣਾ ਹੈ!!

ਜਿੰਨੀ ਜਲਦੀ ਬਾਹਰ ਆਓਗੇ, ਓਨਾ ਹੀ ਚੰਗਾ!

ਸਾਡੀ ਇਸ ਖਤਰਨਾਕ ਚੁੱਪ ਲਈ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ ਨਹੀਂ ਕਰਨਗੀਆਂ!

'ਮਾਨਵ ਕੀ ਜਾਤ ਸਬੈ ਏਕ ਪਹਿਚਾਨਬੋ' ਵਾਲੀ ਆਪਣੀ ਵਿਰਾਸਤ ਨੂੰ ਆਪਾਂ ਖਤਮ ਨਾ ਹੋਣ ਦਿਓ!

ਇਸ ਦੇਸ਼ ਲਈ ਹਰ ਜਾਤ, ਹਰ ਧਰਮ, ਹਰ ਨਸਲ ਨੇ ਖੂਨ ਵਹਾਇਆ ਹੈ। ਇਹ ਦੇਸ਼ ਸਾਡਾ ਹੈ, ਸਭ ਦਾ ਹੈ।

ਧਰਮ, ਜਾਤ, ਰੰਗ, ਨਸਲ ਦੇ ਆਧਾਰ 'ਤੇ ਸਮਾਜ 'ਚ ਵੰਡੀਆਂ ਪਾਉਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ!

ਇੱਥੇ ਹਰ ਇੱਕ ਨੂੰ ਵੇਲੇ ਸਿਰ ਇਨਸਾਫ਼ ਮਿਲਣਾ ਚਾਹੀਦਾ ਹੈ।

ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਸਿਲਸਿਲਾ ਰੁਕਣਾ ਚਾਹੀਦਾ ਹੈ।

ਇੱਥੇ ਹਰ ਇੱਕ ਨੂੰ ਆਪਣੀ ਮਰਜ਼ੀ ਦਾ ਖਾਣ, ਆਪਣੀ ਪਸੰਦ ਦਾ ਪਹਿਨਣ, ਆਪਣੀ ਮਰਜ਼ੀ ਦੀ ਅਕੀਦਤ ਦਾ ਅਧਿਕਾਰ ਹੈ!

ਕੋਈ ਕਿਸੇ ਨੂੰ ਉਸ ਦੇ ਘਰ 'ਚੋਂ ਬੇਦਖਲ ਨਹੀਂ ਕਰ ਸਕਦਾ!

ਰਾਹਤ ਇੰਦੌਰੀ ਦੇ ਇਸ ਸ਼ਿਅਰ ਨਾਲ ਆਪਣੀ ਗੱਲ ਖਤਮ ਕਰਾਂਗਾ,

ਸਭੀ ਕਾ ਖੂਨ ਹੈ ਸ਼ਾਮਿਲ ਯਹਾਂ ਕੀ ਮਿੱਟੀ ਮੇਂ
ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋੜੀ ਹੈ!!

# ਸਾਹਿਤਕਾਰਾਂ ਤੇ ਆਲੋਚਕਾਂ ਵਿੱਚ 'ਕਲਗੀ ਸੋਚ' ਰੋਗ-2

**ਸਾਹਿਤਕ ਖੇਤਰ ਵਿੱਚ ਵੀ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਇਥੋਂ ਤੱਕ ਕਿ ਸਾਹਿਤਕ ਖੇਤਰ ਨਾਲ ਜੁੜੀਆਂ ਜ਼ਿਆਦਾਤਰ ਨਵੀਂਆਂ-ਪੁਰਾਣੀਆਂ ਹਸਤੀਆਂ ਦੀ ਸੋਚ-ਧਰਾਤਲ ਉਤੇ ਛੂਤਛਾਤ ਦੇ ਰੋਗ ਦੇ ਲੱਛਣ ਉੱਗ ਆਏ ਹਨ। ਇਹ ਵਰਤਾਰਾ ਅਜੋਕੇ ਸਾਹਿਤਕ ਮਿਆਰ ਨੂੰ ਉਚਾਣਾਂ ਵੱਲ ਲੈ ਜਾਣ ਦੀ ਥਾਂ ਨਿਵਾਣਾਂ ਵਿੱਚ ਲੈ ਕੇ ਜਾਣ ਦਾ ਕਾਰਨ ਬਣਦਾ ਜਾ ਰਿਹਾ ਹੈ। ਲੇਖਕ ਡਾ. ਸੁਖਪਾਲ ਸੰਘੇੜਾ ਨੇ ਇਸ ਮਾਹੌਲ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਲੇਖ ਦੇ ਅਖੀਰ ਵਿੱਚ ਤੋੜਾ ਝਾੜਿਆ ਹੈ ਕਿ ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ ਨੂੰ ਬਰੇਕਾਂ ਲਾਉਣ ਲਈ ਪੰਜਾਬੀ ਸਾਹਿਤਕਾਰਾਂ ਤੇ ਆਲੋਚਕਾਂ ਵਿੱਚ ਛਾਏ ਛੂਤਛਾਤ ਦੇ ਰੋਗ 'ਕਲਗੀ ਸੋਚ' 'ਤੇ ਕਾਬੂ ਪਾ ਕੇ ਇਹਨੂੰ ਖ਼ਤਮ ਕਰਨਾ ਪਵੇਗਾ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ...**

## -ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ-

ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com



### ਪੈਮਾਨਾਹੀਣ ਕਾਵਿ ਮੁਲੰਕਣ

ਇਸ ਅਲਾਮਤ ਦਾ ਪ੍ਰਗਟਾ ਉਦੋਂ ਹੁੰਦਾ ਹੈ, ਜਦੋਂ ਕੋਈ ਕਵੀ ਜਾਂ ਆਲੋਚਕ ਕਿਸੇ ਕਵੀ ਦੀ ਕਵਿਤਾ ਦਾ ਗ਼ੈਰ-ਇਮਾਨਦਾਰ ਢੰਗ ਨਾਲ ਮੁਲੰਕਣ ਕਰਦਾ ਹੈ, ਜਿਵੇਂ ਕਿਸੇ ਸੁਪਰਿਭਾਸ਼ਿਤ ਪੈਮਾਨੇ ਦੇ ਆਧਾਰ 'ਤੇ ਨਹੀਂ, ਸਗੋਂ "ਅੱਛੀ ਕਵਿਤਾ" ਦੀ ਲਚਕਦਾਰ ਨਿੱਜੀ, ਇੱਕ ਕਵੀ ਤੋਂ ਦੂਜੇ ਕਵੀ ਤੱਕ ਬਦਲਦੀ ਪਰਿਭਾਸ਼ਾ ਦੇ ਆਧਾਰ 'ਤੇ ਜਾਂ ਫਿਰ ਆਲੋਚਨਾ ਅਧੀਨ ਕਵਿਤਾ ਨੂੰ "ਅੱਛੀ ਕਵਿਤਾ" ਦੀ ਜ਼ਾਇਜ਼ ਪਰਿਭਾਸ਼ਾ ਦੇ ਪੱਖਾਂ ਨਾਲ ਨਾਜ਼ਾਇਜ਼ ਤੌਰ 'ਤੇ ਜੋੜ ਕੇ। ਇਸ ਅਲਾਮਤ ਦੇ ਪ੍ਰਗਟਾ ਦੀ ਇਕ ਹੋਰ ਮਿਸਾਲ ਹੈ, ਜਦੋਂ ਕੋਈ ਕਵੀ ਜਾਂ ਆਲੋਚਕ ਕਿਸੇ ਕਵੀ ਦੀ ਕਵਿਤਾ ਦਾ ਬਿਨਾ ਪੜ੍ਹਿਆਂ ਹੀ ਵਿਆਪਕ ਜਿਹਾ ਮੁਲੰਕਣ ਕਰ ਮਾਰੇ। ਅਜਿਹੇ ਰਿਵਿਊਆਂ ਦੇ ਆਧਾਰ 'ਤੇ ਸਥਾਪਿਤ ਕਵੀਆਂ ਵਲੋਂ ਵਿਅਕਤੀਆਂ ਜਾਂ ਸਾਹਿਤ ਸਭਾਵਾਂ ਤੋਂ ਮੁੰਦਰੀਆਂ ਤੇ ਚੜ੍ਹਾਵੇ ਕਬੂਲ ਕਰਨੇ ਵੀ ਸਾਹਿਤਕ ਭ੍ਰਿਸ਼ਟਾਚਾਰ ਦੀ ਇੱਕ ਮਿਸਾਲ ਹੈ। ਅਜਿਹਾ ਭ੍ਰਿਸ਼ਟਾਚਾਰ ਸ਼ਾਇਦ ਵਿਕਸਿਤ ਦੇਸ਼ਾਂ ਦੀ ਅੰਗਰੇਜ਼ੀ ਕਵਿਤਾ ਦੇ ਕੁਝ ਹਲਕਿਆਂ ਵਿੱਚ ਵੀ ਹੋਵੇ, ਪਰ ਇਹ ਮੁੱਖ ਧਾਰਾ ਵਿੱਚ ਇੰਨਾ ਪ੍ਰਚੱਲਤ ਨਹੀਂ, ਜਿੰਨਾ ਪੰਜਾਬੀ ਵਿੱਚ ਰਿਹਾ ਹੈ।

ਇੱਥੇ ਸਪਸ਼ਟ ਕਰ ਦਿਆਂ ਕਿ ਕਿਸੇ ਲੋੜਬੰਦ ਲੇਖਕ ਦੀ ਮੱਦਦ ਕਰਨ ਜਾਂ ਲੇਖਕ ਵਲੋਂ ਮਿਹਨਤ ਦਾ ਇਵਜ਼ਾਨਾ ਲੈਣ ਵਿੱਚ ਕੋਈ ਮਿਹਣਾ ਜਾਂ ਭਿਸ਼ਟਾਚਾਰ ਨਹੀਂ। ਮਿਸਾਲ ਵਜੋਂ, ਮੈਂ ਆਪਣੀਆਂ ਅੰਗਰੇਜ਼ੀ ਕਿਤਾਬਾਂ ਦੀ ਰਾਇਲਟੀ ਪ੍ਰਕਾਸ਼ਕਾਂ ਕੋਲੋਂ ਵਸੂਲ ਕਰਦਾ ਹਾਂ। ਹਥਲੀ ਅਲਾਮਤ ਵਿੱਚ ਭ੍ਰਿਸ਼ਟਾਚਾਰ ਹੈ, ਬੌਧਿਕ ਉਸਤਾਦ ਮਾਹਰ ਵਜੋਂ ਨਿੱਜੀ ਗਰਜ਼ਾਂ ਜਾਂ ਮਾਇਕ ਲਾਭ ਲਈ ਕਮਜ਼ੋਰ ਸਾਹਿਤਕ ਨੂੰ ਰਚਨਾ ਉੱਪਰ ਚੁੱਕ ਦੇਣ ਅਤੇ ਮੁਕਾਬਲਤਨ ਠੋਸ ਗੁਣਵਤੀ ਰਚਨਾ ਨੂੰ ਨਜ਼ਰ-ਅੰਦਾਜ਼ ਕਰਕੇ ਜਾਂ ਉਹਦੀ ਕਪਟੀ ਜਾਂ ਅਨਉੱਚਿਤ ਆਲੋਚਨਾ ਕਰਕੇ ਉਹਨੂੰ ਥੱਲੇ ਲਾਉਣ ਵਿੱਚ ਹੈ। ਇੰਝ ਇੱਥੇ "ਬੌਧਿਕ ਭ੍ਰਿਸ਼ਟਾਚਾਰ" ਤੇ "ਪਦਾਰਥਕ ਭ੍ਰਿਸ਼ਟਾਚਾਰ" ਘਿਓ-ਖਿਚੜੀ ਹੋਏ ਪਏ ਨੇ।

"ਮੈਂ ਤੈਨੂੰ ਕਵੀ ਹੀ ਨਹੀਂ ਮੰਨਦਾ" ਤੇ 'ਪੈਮਾਨਾਹੀਣ ਕਾਵਿ ਮੁਲੰਕਣ' ਦੋਵੇਂ ਅਲਾਮਤਾਂ ਲਚਕਦਾਰ ਨਿੱਜੀ ਹਿੱਤ-ਪੂਰਕ ਪਰਿਭਾਸ਼ਾਵਾਂ ਜਾਂ ਅਪਰਿਭਾਸ਼ਾਵਾਂ 'ਤੇ ਆਧਾਰਿਤ ਹੁੰਦੀਆਂ ਹਨ, ਨਾ ਕਿ ਕਿਸੇ ਤਰਕਸ਼ੀਲ ਪੈਮਾਨੇ 'ਤੇ। ਇਸ ਲਈ ਇਹ ਸਪਸ਼ਟ ਤੌਰ 'ਤੇ 'ਅੰਨ੍ਹੀ ਪੀਹਵੇ, ਕੁੱਤਾ ਚੱਟੇ' ਵਾਲੇ ਰਾਜਾਸ਼ਾਹੀ ਜਾਗੀਰੂ ਯੁੱਗ ਦੀ ਰਹਿੰਦ-ਖੂਹੰਦ ਹਨ; ਤਰਕ, ਵਿਗਿਆਨ ਤੇ ਮਾਨਵਵਾਦ 'ਤੇ ਟਿਕੇ ਮਾਡਰਨ ਯੁੱਗ ਵਿੱਚ।

### ਕੱਲ੍ਹ ਦੀ ਕਵਿਤਾ ਨੂੰ ਵੱਜਦੀਆਂ ਹਾਕਾਂ

ਜਿਵੇਂ ਕਿਸੇ ਜ਼ਮਾਨੇ ਵਿੱਚ ਪਿੰਡ ਦੇ ਬਜ਼ੁਰਗ ਦਰਵਾਜ਼ੇ 'ਚ ਸੱਥ ਲਾ ਕੇ ਬੀਤ ਗਏ "ਅੱਛੇ ਵਕਤਾਂ" ਨੂੰ ਯਾਦ ਕਰ ਕਰ ਹਉਕੇ ਭਰਿਆ ਕਰਦੇ ਸਨ, ਕੁਝ ਇਵੇਂ ਹੀ "ਕੱਲ ਦੀ ਕਵਿਤਾ ਨੂੰ ਵੱਜਦੀਆਂ ਹਾਕਾਂ" ਵਾਲੀ ਅਲਾਮਤ ਪ੍ਰਗਟ ਹੁੰਦੀ ਹੈ। "ਸਤਿਗੁਰ ਨਾਨਕ ਆਜਾ, ਦੁਨੀਆਂ ਨੂੰ ਦੀਦ ਦਿਖਾ ਜਾ... (ਜਮਲਾ ਜੱਟ)" ਅਤੇ "ਅੱਜ ਆਖਾਂ ਵਰਿਸਸ਼ਾਹ ਨੂੰ, ਕਿਤੋਂ ਕਬਰਾਂ ਵਿੱਚੋਂ ਬੋਲ... (ਅੰਮ੍ਰਿਤਾ ਪ੍ਰੀਤਮ)" ਦੋ ਪ੍ਰਸਿੱਧ ਮਿਸਾਲਾਂ ਹਨ ਇਸ ਸੰਦਰਭ ਵਿੱਚ। ਬਾਕੀ, ਸਾਹਿਤ ਸਭਾਵਾਂ ਦੇ ਕਵੀ ਦਰਬਾਰਾਂ ਵਿੱਚ ਪੜ੍ਹੇ ਕਾਵਿ ਪਰਚਿਆਂ ਤੇ ਕਈ ਕਵਿਤਾਵਾਂ ਵਿੱਚ ਅਕਸਰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਅਤੀਤ ਦੇ ਕਵੀਆਂ ਜਿਵੇਂ ਸ਼ਿਵ ਕੁਮਾਰ, ਵਾਰਿਸਸ਼ਾਹ, ਬੁੱਲ੍ਹੇ ਸ਼ਾਹ ਆਦਿ ਦਾ ਗੁਣਗਾਨ ਹੁੰਦਾ ਰਹਿੰਦਾ ਹੈ। ਅੱਜ ਜਿਵੇਂ ਕੱਲ੍ਹ ਵੱਲ ਨੂੰ ਪੁੱਠੇ ਪੈਰੀਂ ਤੁਰਦਾ ਨਜ਼ਰ ਆਉਂਦਾ ਹੈ, ਤੇ ਸਾਰੇ ਦ੍ਰਿਸ਼ ਵਿੱਚੋਂ ਭਲਕ ਲੱਗਭੱਗ ਗਾਇਬ ਹੁੰਦਾ ਹੈ, ਜਾਂ ਫਿਰ ਅੱਜ ਨੂੰ ਕੱਲ੍ਹ ਦੇ ਖੰਡਰਾਂ ਵਿੱਚ ਪਾ ਕੇ 'ਭਲਕ' ਉਸਾਰਨ ਦਾ ਖ਼ਾਬ ਹੁੰਦਾ ਹੈ। ਇਹ ਸਾਰੀਆਂ ਹਸਤੀਆਂ ਮਹਾਨ ਕਵੀ ਸਨ, ਤੇ ਉਨ੍ਹਾਂ ਸਮਿਆਂ ਦੇ ਸੰਦਰਭ ਵਿੱਚ ਅਸੀਂ ਉਨ੍ਹਾਂ ਤੋਂ ਪ੍ਰੇਰਨਾ ਲੈ ਸਕਦੇ ਹਾਂ ਤੇ ਸਿੱਖ ਵੀ ਸਕਦੇ ਹਾਂ। ਸਾਡੇ ਵਿੱਚੋਂ ਜੋ 'ਕਲਗੀ ਸੋਚ' ਵਾਇਰਸ ਨਾਲ ਪੀੜਤ ਨੇ, ਉਹ ਪੁੱਠੀ-ਸਿੱਧੀ ਪ੍ਰੇਰਨਾ ਤਾਂ ਲੈ ਸਕਦੇ ਨੇ, ਪਰ ਸਿੱਖਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸ ਲਈ ਕਿਉਂਕਿ ਉਨ੍ਹਾਂ ਦੀ ਅਤੀਤ ਦੇ ਮਹਾਂਪੁਰਸ਼ਾਂ ਪ੍ਰਤੀ ਪਹੁੰਚ ਪੂਜਾ ਜਾਂ ਪੂਜਾ ਦੇ ਮੁਹਾਂਦਰੇ ਵਰਗੀ ਸ਼ਰਧਾ ਵਾਲੀ ਹੁੰਦੀ ਹੈ, ਤੇ ਅਜਿਹੀ ਪਹੁੰਚ ਸਿੱਖਣ ਪ੍ਰਕਿਰਿਆ ਲਈ ਘਾਤਕ ਹੋ ਨਿੱਬੜਦੀ ਹੈ।

ਮਨੁੱਖਤਾ ਦੇ ਇਤਿਹਾਸ ਵਿੱਚ ਅਤੀਤ ਦੇ ਮਹਾਂਪੁਰਸ਼ਾਂ ਤੋਂ ਸਿੱਖਣ ਲਈ ਮਹਾਂ ਮਿਸਾਲ ਹੈ ਯੂਰਪੀਅਨ ਰੇਨੇਸਾਂਸ ਲਹਿਰ, ਜਿਹਦੇ ਸੰਚਾਲਕਾਂ ਆਪਣੇ ਜਾਗੀਰੂ-ਰਾਜਾਸ਼ਾਹੀ ਤੇ ਧਰਮ (ਚਰਚ) ਪ੍ਰਧਾਨ ਯੁੱਗ ਉੱਪਰੋਂ ਛੜੱਪਾ ਮਾਰ ਕੇ ਗਰੀਕ ਫ਼ਿਲਾਸਫਰਾਂ ਦੇ ਯੁੱਗ ਪਹੁੰਚੇ। ਸਿੱਖਿਆ ਕਿੱਦਾਂ? ਉਨ੍ਹਾਂ ਨੇ ਆਪਣੇ 'ਅੱਜ' ਦੀ ਰੌਸ਼ਨੀ ਵਿੱਚ ਗਰੀਕ ਫ਼ਿਲਾਸਫਰਾਂ ਦੇ ਯੁੱਗ ਦੀ ਸੋਚ, ਸਾਹਿਤ ਤੇ ਸੱਭਿਆਚਾਰ ਦੀ ਚੀਰ-ਫ਼ਾੜ ਕਰਕੇ, ਇੰਝ ਉਸ ਯੁੱਗ ਵਿੱਚੋਂ 'ਤਰਕ' ਨੂੰ ਅਤੇ ਜਮਹੂਰੀਅਤ ਤੇ ਵਿਗਿਆਨ ਦੇ ਬੀਜ ਵਿਚਾਰਾਂ ਨੂੰ ਅਪਨਾ ਕੇ; ਉਨ੍ਹਾਂ ਵਿਚਾਰਾਂ ਨੂੰ ਵਿਕਸਿਤ ਕੀਤਾ, ਭਵਿੱਖ ਵੱਲ ਨੂੰ ਅੱਗੇ ਵਧਣ ਲਈ। ਨਤੀਜੇ ਵਜੋਂ, ਬੁੱਧੀਜੀਵੀਆਂ ਵਲੋਂ ਸ਼ੁਰੂ ਕੀਤਾ ਇਹ ਰੇਨੇਸਾਂਸ, 'ਤਰਕ' ਅਤੇ 'ਮਾਨਵਵਾਦ' ਆਧਾਰਿਤ ਲਹਿਰ ਵਿੱਚ ਬਦਲ ਗਿਆ, ਜਿਸ ਦੌਰਾਨ ਤੇ ਜਿਸ ਕਰਕੇ ਯੂਰਪ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ। ਆਖਰਕਾਰ, ਇਹ ਲਹਿਰ ਪ੍ਰਬੋਧਨ (Enilghtenment) ਲਹਿਰ ਵਿੱਚ ਵੱਟ ਗਈ, ਜਿਹਦੇ ਸੱਭ ਤੋਂ ਵੱਧ ਪ੍ਰਭਾਵਸ਼ਾਲੀ ਕੇਂਦਰੀ (ਥੀਮ) ਖ਼ਿਆਲ ਸਨ: ਤਰਕ, ਮਾਨਵਵਾਦ, ਵਿਗਿਆਨ; ਤੇ ਨਤੀਜੇ ਵਜੋਂ ਪ੍ਰਗਤੀ। ਇਨ੍ਹਾਂ ਤਿੰਨ ਖ਼ਿਆਲਾਂ- ਤਰਕ, ਮਾਨਵਵਾਦ ਤੇ ਵਿਗਿਆਨ ਦੇ ਆਧਾਰ ਉੱਪਰ ਪ੍ਰਬੋਧਨ ਲਹਿਰ ਯੂਰਪ ਨੂੰ ਲੈ ਗਈ ਜਮਹੂਰੀਅਤ ਪ੍ਰਧਾਨ ਆਧੁਨਿਕ ਯੁੱਗ ਵੱਲ ਨੂੰ।

ਪੰਜਾਬ ਸਣੇ, ਭਾਰਤ ਵਿੱਚ ਆਧੁਨਿਕ ਯੁੱਗ ਇੰਗਲੈਂਡ ਤੋਂ ਆਈ ਗ਼ੁਲਾਮੀ ਦਾਜ ਵਿੱਚ ਲਿਆਈ; ਇਹ ਕੌਮੀ ਪੱਧਰ 'ਤੇ ਸੋਚ, ਵਿਗਿਆਨ ਜਾਂ ਅਰਥਚਾਰੇ ਵਿੱਚ ਪ੍ਰਗਤੀ ਦਾ ਨਤੀਜਾ ਨਹੀਂ ਸੀ। ਕੁੱਲ ਮਿਲਾ ਕੇ, ਸਾਡੇ ਬੁੱਧੀਜੀਵੀ ਤਬਕੇ ਵਿੱਚ ਇੰਨਾ ਦਮ ਖਮ ਨਹੀਂ ਰਿਹਾ ਹੈ ਕਿ ਉਹ ਗਿਆਨ ਦੇ ਖੇਤਰ ਵਿੱਚ ਲੋਕਾਂ ਦੇ ਹਰਾਵਲ ਦਸਤੇ ਵਜੋਂ ਕੰਮ ਕਰ ਸਕਣ, ਜਿਸ ਤਰ੍ਹਾਂ ਯੂਰਪੀਅਨ ਬੁੱਧੀਜੀਵੀਆਂ ਨੇ ਰੇਨੇਸਾਂਸ ਤੋਂ ਸ਼ੁਰੂ ਹੋ ਕੇ ਪ੍ਰਬੋਧਨ ਲਹਿਰ ਤੱਕ ਕੀਤਾ। ਉਨ੍ਹਾਂ ਬਾਹਲਿਆਂ ਦੀ ਸੋਚ ਤਾਂ ਅੱਜ ਵੀ ਆਵਾਮ ਦੀ ਤਰ੍ਹਾਂ ਹੀ ਰਾਜਾਸ਼ਾਹੀ-ਜਾਗੀਰੂ ਤੇ ਗ਼ੁਲਾਮੀ ਦੇ ਯੁੱਗ ਵਿੱਚ ਰਹਿੰਦੀ ਹੈ; ਫ਼ਰਕ ਸਿਰਫ਼ ਪ੍ਰਗਟਾਵੇ ਦੇ ਢੰਗਾਂ ਵਿੱਚ ਹੀ ਹੈ। ਇਸ ਸੋਚ ਦਾ ਪ੍ਰਗਟਾਵਾ ਕਰ ਲੈਂਦੇ ਨੇ ਲੋਕ: ਭੇਖਧਾਰੀ ਅਖੌਤੀ ਬਾਬਿਆਂ, ਸੰਤਾਂ ਤੇ ਪੀਰਾਂ ਦੇ ਡੇਰਿਆਂ 'ਤੇ ਚੜ੍ਹਾਵੇ ਚੜ੍ਹਾ ਕੇ, ਤਵੀਤ ਬੰਨ੍ਹਾ ਕੇ, ਤੀਰਥ ਅਸਥਾਨਾਂ ਤੇ ਸਰੋਵਰਾਂ ਵਿੱਚ ਡੁਬਕੀਆਂ ਲਾ ਕੇ, ਆਦਿ; ਅਤੇ ਬੁੱਧੀਜੀਵੀ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਤਲਾਸ਼ਣ ਹਿੱਤ ਅਤੀਤ ਦੀਆਂ ਹਸਤੀਆਂ ਦੇ ਕੰਮਾਂ ਤੇ ਕਥਨਾਂ ਨੂੰ ਮਾਡਲ ਬਣਾ ਕੇ, ਨਾ ਕਿ ਸਮੱਸਿਆਵਾਂ ਨੂੰ ਅੱਜ ਦੇ ਸਥਾਨਕ ਤੇ ਵਿਸ਼ਵ ਹਾਲਾਤ ਦੇ ਸੰਦਰਭ ਵਿੱਚ ਰੱਖ ਉਨ੍ਹਾਂ ਦੇ ਹੱਲ ਅੱਜ ਦੇ ਸੰਦਾਂ, ਜਿਵੇਂ ਵਿਗਿਆਨਕ ਵਿਧੀ ਨਾਲ ਤਰਾਸ਼ ਕੇ। 'ਕਲਗੀ' ਤੇ 'ਗ਼ੁਲਾਮੀ' ਦਾ ਦੋਹਰਾ ਕਿਰਦਾਰ 'ਕਲਗੀ ਸੋਚ' ਵਾਇਰਸ ਨਾਲ ਪੀੜਤ ਲੇਖਕਾਂ ਦੀਆਂ ਸਾਹਿਤਕ ਲਿਖਤਾਂ ਤੇ ਉਨ੍ਹਾਂ ਦੇ ਤੌਰ ਤਰੀਕਿਆਂ ਤੋਂ ਪਾਰਖੂ ਨਜ਼ਰ ਨਾਲ ਸਪਸ਼ਟ ਵੇਖਿਆ ਜਾ ਸਕਦਾ ਹੈ। ਕਵੀਆਂ ਤੇ ਕਾਵਿ ਆਲੋਚਕਾਂ ਵਲੋਂ ਅੱਜ ਦੇ ਮਸਲਿਆਂ ਮੂਹਰੇ ਬਹਿ ਅਤੀਤ ਦੇ ਕਵੀਆਂ ਨੂੰ ਹਾਕਾਂ ਮਾਰਨ, ਪੰਜਾਬ ਵਿੱਚ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਵੇਖਣ ਦੇ ਖ਼ਾਬ, ਪੀਰਾਂ ਫ਼ਕੀਰਾਂ ਨੂੰ ਆਪਣੇ ਸੱਜੇ-ਖੱਬੇ ਬਿਠਾਉਣ, ਤੇ ਇਤਿਹਾਸ ਨੂੰ ਖ਼ਤ ਲਿਖਣ ਜਾਂ ਇਤਿਹਾਸ ਤੋਂ ਖ਼ਤ ਉਡੀਕਣ ਆਦਿ ਜਿਹੀਆਂ ਅਲਾਮਤਾਂ ਨੂੰ ਚਰਚਿਤ ਵਿਸਤ੍ਰਿਤ ਸੰਦਰਭ ਵਿੱਚ ਰੱਖ ਕੇ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ।

ਕਾਵਿ ਖ਼ੇਤਰ ਦੇ ਨਾਲ ਨਾਲ ਪੰਜਾਬੀ ਸਾਹਿਤ ਦੇ ਹੋਰਨਾਂ ਖ਼ੇਤਰਾਂ, ਚਿੰਤਨ ਸਮੇਤ, ਕੁਝ ਧੁਰੋਂ ਵਾਸਤਵਿਕ ਮੰਨੀਆਂ ਜਾਂਦੀਆਂ ਜਾਗੀਰੂ ਧਾਰਨਾਵਾਂ ਦੀ 'ਕਲਗੀ ਸੋਚ' ਰੋਗ ਦੀ ਅਲਾਮਤ ਹਨ, ਜਿਵੇਂ ਕਿ ਪੰਜਾਬ ਦੀ ਹੋਣੀ ਤੇ ਪੰਜਾਬੀ ਬੰਦੇ ਦੀ ਪਹਿਚਾਣ ਜ਼ਮੀਨ ਨਾਲ ਬੱਧੀ ਹੋਈ ਹੈ। ਇਹ ਧਾਰਨਾ ਜਿੱਥੇ ਪੰਜਾਬ ਦੀ ਮਜ਼ਦੂਰ ਜਮਾਤ ਦੇ ਮੂੰਹ 'ਤੇ ਚਪੇੜ ਮਾਰਦੀ ਹੈ, ਉੱਥੇ ਹੀ ਪੰਜਾਬ ਦੀ ਬਹੁ-ਦਿਸ਼ਾਵੀ ਪ੍ਰਗਤੀ ਦੇ ਸੰਕਲਪ 'ਤੇ ਜਾਗੀਰੂ ਫ਼ੁੱਲ ਸਟਾਪ ਵੀ ਲਾ ਦਿੰਦੀ ਹੈ। ਇਹ ਤੇ ਇਹੋ ਜਿਹੀਆਂ ਹੋਰ ਜਾਗੀਰੂ ਤੇ ਗ਼ੁਲਾਮ ਬਿਰਤੀ ਧਾਰਨਾਵਾਂ ਮੁੱਖ ਧਾਰਿਕ ਹਨ, 'ਪਿਛਾਂਹ ਖਿੱਚੂ' ਲੇਖਕਾਂ ਤੋਂ ਲੈ ਕੇ 'ਅਗਾਂਹ ਵਧੂ' ਲੇਖਕਾਂ ਤੱਕ, ਅਨਪੜ੍ਹਾਂ ਤੋਂ ਵਿਸ਼ਵ ਵਿਦਿਆਲਿਆਂ ਦੇ ਪ੍ਰੋਫ਼ੈਸਰਾਂ ਤੱਕ, ਹਮ੍ਹਾਤੜ ਸੰਪਾਦਕ ਤੋਂ ਪੰਜਾਬ ਦੇ ਨੰਬਰ ਵੰਨ ਰੋਜ਼ਾਨਾ ਪੰਜਾਬੀ ਅਖ਼ਬਾਰ ਦੇ ਸੰਪਾਦਕ ਤੱਕ, ਆਦਿ।

### ਵਿਅਰਥ ਪ੍ਰਕਾਸ਼ਨ

ਇਹ ਅਲਾਮਤ ਵਿਅਕਤੀਗਤ ਪੱਧਰ ਦੀ ਨਾ ਹੋ ਕੇ, ਪ੍ਰਕਾਸ਼ਨ ਦੇ ਸਿਸਟਮ ਪੱਧਰ ਦੀ ਹੈ। 'ਵਿਅਰਥ ਪ੍ਰਕਾਸ਼ਕ' ਉਹ ਪ੍ਰਕਾਸ਼ਕ ਹੁੰਦਾ ਹੈ, ਜੋ ਲੇਖਕ ਕੋਲੋਂ ਉਹਦੀ ਕਿਤਾਬ ਪ੍ਰਕਾਸ਼ਿਤ ਕਰਨ ਦੇ ਪੈਸੇ ਵਸੂਲ ਕਰੇ। ਅਕਸਰ ਇਸ ਵਸੂਲੀ ਵਿਚ ਕਿਤਾਬ ਛਪਾਈ ਦਾ ਖ਼ਰਚਾ ਤੇ ਪ੍ਰਕਾਸ਼ਕ ਦਾ ਮੁਨਾਫ਼ਾ- ਦੋਨੋਂ ਸ਼ਾਮਲ ਹੁੰਦੇ ਨੇ। ਇਸ ਲਈ ਨਾ ਕਿਤਾਬ ਦਾ ਖ਼ਰੜਾ ਚੁਣਨ ਵਕਤ ਤੇ ਨਾ ਕਿਤਾਬ ਛਪਣ ਬਾਅਦ ਪ੍ਰਕਾਸ਼ਕ ਕੋਲ ਕਿਤਾਬ ਦੀਆਂ ਕਾਪੀਆਂ ਵੇਚਣ ਲਈ ਕੋਈ ਪ੍ਰੇਰਨਾ ਹੁੰਦੀ ਹੈ ਤੇ ਨਾ ਇਰਾਦਾ। ਪੈਸੇ ਲੈ ਕੇ 'ਵਿਅਰਥ ਪ੍ਰਕਾਸ਼ਕ' ਕਿਸੇ ਵੀ ਲੇਖਕ ਦੀ ਕਿਤਾਬ 'ਛਾਪ' ਦੇਵੇਗਾ। ਇਹਦੇ ਉਲਟ, ਅਸਲੀ ਜਾਂ ਪੇਸ਼ੇਵਰ ਪ੍ਰਕਾਸ਼ਕ ਲੇਖਕ ਤੋਂ ਕੋਈ ਪੈਸਾ ਨਹੀਂ ਲਏਗਾ, ਘੋਖ ਪੜਤਾਲ ਕਰਕੇ ਉਹੀਓ ਖ਼ਰੜਾ ਛਾਪਣ ਲਈ ਚੁਣੇਗਾ, ਜਿਹਦੀਆਂ ਕਾਪੀਆਂ ਦੀ ਵਿਕਰੀ 'ਚੋਂ ਛਪਾਈ ਕੱਢ ਕੇ ਮੁਨਾਫ਼ਾ ਕਮਾ ਸਕੇ, ਤੇ ਇਸ ਪ੍ਰੇਰਨਾ ਅਧੀਨ ਅਸਲੀ ਪ੍ਰਕਾਸ਼ਕ ਦੀਆਂ ਕਾਪੀਆਂ ਵੇਚਣ ਲਈ ਯਤਨ ਜੁਟਾਏਗਾ। ਇਸ ਲਈ ਅਜਿਹੇ ਪ੍ਰਕਾਸ਼ਕ ਵਲੋਂ ਕੋਈ ਕਿਤਾਬ ਪ੍ਰਕਾਸ਼ਿਤ ਹੋਣ 'ਤੇ ਕਿਤਾਬ ਨੂੰ ਪ੍ਰਕਾਸ਼ਕ ਦੇ ਮਿਆਰ ਦੇ ਹਾਣ ਦੀ ਸ਼ੁਰੂਆਤੀ ਮਾਨਤਾ ਮਿਲ ਜਾਂਦੀ ਹੈ, ਜਦ ਕਿ 'ਵਿਅਰਥ ਪ੍ਰਕਾਸ਼ਕ' ਦਾ ਕੋਈ ਮਿਆਰ ਨਹੀਂ ਹੁੰਦਾ। ਪੰਜਾਬੀ ਸਾਹਿਤਕ ਖ਼ੇਤਰ ਵਿੱਚ ਭਾਰੀ ਬਹੁਗਿਣਤੀ ਉਨ੍ਹਾਂ ਪ੍ਰਕਾਸ਼ਕਾਂ ਦੀ ਲੱਗਦੀ ਹੈ, ਜੋ ਖ਼ਾਲਸ 'ਵਿਅਰਥ ਪ੍ਰਕਾਸ਼ਕ' ਨੇ ਜਾਂ 'ਵਿਅਰਥ ਪ੍ਰਕਾਸ਼ਨਾ' ਦੇ ਧੰਦੇ ਦਾ ਹਿੱਸਾ ਹੈ। ਇੰਝ 'ਵਿਅਰਥ ਪ੍ਰਕਾਸ਼ਨਾ' ਪੰਜਾਬੀ ਸਾਹਿਤਕ ਪ੍ਰਕਾਸ਼ਨਾ ਦੀ 'ਮੁੱਖ ਧਾਰਾ' ਵਿੱਚ ਸ਼ਾਮਲ ਹੋ ਜਾਂਦੀ ਹੈ। 'ਵਿਅਰਥ ਪ੍ਰਕਾਸ਼ਕ' ਅੰਗਰੇਜ਼ੀ ਸਾਹਿਤ ਵਿੱਚ ਵੀ ਮਿਲਦੇ ਨੇ, ਜਿਨ੍ਹਾਂ ਨੂੰ ਵੇਨਿਟੀ (Vainty) ਪਬਲੀਸ਼ਰਜ਼ ਕਿਹਾ ਜਾਂਦਾ ਹੈ, ਪਰ ਉਹ 'ਮੁੱਖ ਧਾਰਾ' ਦਾ ਹਿੱਸਾ ਨਹੀਂ।

'ਵਿਅਰਥ ਪ੍ਰਕਾਸ਼ਨਾ' ਅਲਾਮਤ ਦਾ ਸਾਹਿਤਕ ਭ੍ਰਿਸ਼ਟਾਚਾਰ ਨਾਲ ਕੀ ਰਿਸ਼ਤਾ ਹੈ? ਮਿਸਾਲ ਦੇ ਤੌਰ 'ਤੇ ਹਾਈਬ੍ਰਿਡ ਪ੍ਰਕਾਸ਼ਕਾਂ, ਭਾਵ ਪੇਸ਼ੇਵਰ ਪ੍ਰਕਾਸ਼ਕ ਜੋ 'ਵਿਅਰਥ ਪ੍ਰਕਾਸ਼ਨਾ' ਵੀ ਕਰਦੇ ਨੇ, ਨੂੰ ਹੀ ਲੈ ਲਓ। ਜੇ ਐਸਾ ਪ੍ਰਕਾਸ਼ਕ ਲੇਖਕਾਂ ਕੋਲੋਂ ਪੈਸੇ ਲੈ ਕੇ ਉਨ੍ਹਾਂ ਦੀਆਂ ਕਿਤਾਬਾਂ ਛਾਪਦਾ ਹੈ, ਲਾਰੇ ਲਾ ਕੇ ਜਾਂ ਪ੍ਰਭਾਵ ਜਮਾ ਕੇ ਕਿ ਉਹ ਕਿਤਾਬ ਨੂੰ ਪਾਠਕਾਂ ਤੱਕ ਪਹੁੰਚਾਉਣ ਦੇ ਯਤਨ ਜੁਟਾਏਗਾ, ਪਰ ਜ਼ਿਆਦਾ ਜਾਣੇ-ਪਹਿਚਾਣੇ ਲੇਖਕ ਦੀ ਕਿਤਾਬ ਦੀਆਂ ਕਾਪੀਆਂ ਹੀ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਦੂਜੇ ਲੇਖਕ ਦੀ ਕਿਤਾਬ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਇਹ ਜਿੱਥੇ ਆਪਣੇ ਵਿੱਚ ਬੌਧਿਕ ਤੇ ਮਾਇਕ ਭ੍ਰਿਸ਼ਟਾਚਾਰ ਹੈ, ਉਥੇ ਹੀ ਇਹ ਇਸ ਭ੍ਰਿਸ਼ਟਾਚਾਰ ਨੂੰ ਆਮ ਬਣਾਉਣ ਵਿੱਚ ਹਿੱਸਾ ਪਾ ਕੇ ਇਸ 'ਤੇ ਹੋਰ ਕਿਸਮ ਦੇ ਸਾਹਿਤਕ ਭ੍ਰਿਸ਼ਟਾਚਾਰਾਂ ਲਈ ਵਾਤਾਵਰਨ ਪੈਦਾ ਕਰਨ ਵਿੱਚ ਵੀ ਹਿੱਸਾ ਪਾਉਂਦਾ ਹੈ।

ਮੰਨ ਲਓ, ਕੋਈ ਪ੍ਰਕਾਸ਼ਨਾ ਇਹ ਫ਼ੈਸਲਾ ਕਰ ਲੈਂਦੀ ਹੈ ਕਿ ਕਲਾਮਤ ਪੱਖੋਂ ਵਧੀਆ ਕਿਤਾਬਾਂ ਹੀ ਛਾਪੀਆਂ ਜਾਣਗੀਆਂ, ਤੇ ਕਾਵਿ ਖ਼ੇਤਰ ਵਿੱਚ ਸਥਾਪਤ ਕਵੀਆਂ ਦੀ ਇੱਕ ਕਮੇਟੀ ਬਣਾ ਦਿੰਦੀ ਹੈ, ਖ਼ਰੜੇ ਪ੍ਰਵਾਨ ਕਰਨ ਲਈ। ਜੇ ਉਸ ਕਮੇਟੀ ਵਿੱਚ ਬਾਹਲੇ ਮੈਂਬਰ 'ਕਲਗੀ ਸੋਚ' ਦੇ ਪੀੜਤ ਹੋਣਗੇ ਤਾਂ ਪ੍ਰਕਾਸ਼ਨਾ ਦੀਆਂ ਸਾਰੀਆਂ ਨੇਕ ਕੋਸ਼ਿਸ਼ਾਂ ਵਿਅਰਥ। ਇਹਨੂੰ ਕਹਿੰਦੇ ਨੇ, "ਇੱਕ ਨੂੰ ਕੀ ਰੋਂਦੀ ਏਂ, ਊਤ ਗਿਆ ਈ ਆਵਾ।" ਇਹਦਾ ਮਤਲਬ ਇਹ ਵੀ ਨਹੀਂ ਕਿ ਪੰਜਾਬੀ ਸਾਹਿਤਕ ਪ੍ਰਕਾਸ਼ਨਾ ਦੇ ਖ਼ੇਤਰ ਵਿੱਚ ਕੋਈ ਵੀ ਐਸਾ ਪ੍ਰਕਾਸ਼ਕ ਨਹੀਂ ਹੈ, ਜੋ ਲੇਖਕਾਂ ਤੋਂ ਪੈਸੇ ਨਾ ਲੈਂਦਾ ਹੋਵੇ, ਤੇ ਖ਼ਰੜਿਆਂ ਦੀ ਚੋਣ ਪ੍ਰਕਾਸ਼ਨਾ ਦੇ ਮਿਸ਼ਨ, ਸਾਹਿਤਕ ਮਿਆਰ ਤੇ ਵਿਕਣ ਸਮੱਰਥਾ/ਸੰਭਾਵਨਾ ਦੇ ਆਧਾਰ ਹੀ ਕਰਦਾ ਹੋਵੇ। ਪਰ ਇੱਦਾਂ ਦੇ ਪ੍ਰਕਾਸ਼ਕ 'ਆਟੇ ਵਿੱਚ ਲੂਣ' ਬਰਾਬਰ ਹਨ; ਮਿਸਾਲ ਵਜੋਂ, 'ਪੀਪਲਜ਼ ਫ਼ੋਰਮ, ਬਰਗਾੜੀ, ਪੰਜਾਬ।' ਜੇ ਅਸੀਂ ਪੰਜਾਬੀ ਸਾਹਿਤ ਦਾ ਭਲਾ ਚਾਹੁੰਦੇ ਹਾਂ ਤਾਂ ਸਾਨੂੰ ਇੱਦਾਂ ਦੀਆਂ ਜਾਂ ਲੱਗਭੱਗ ਇੱਦਾਂ ਦੀਆਂ ਪ੍ਰਕਾਸ਼ਨਾਵਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਇਸ ਭਾਗ ਵਿੱਚ ਵਿਚਾਰੀਆਂ ਅਲਾਮਤਾਂ ਰਾਹੀਂ, 'ਕਲਗੀ ਸੋਚ' ਵਾਇਰਸ ਦੋ ਮੁੱਖ ਸਾਹਿਤਕ ਨੁਕਸਾਨ ਕਰਦੀ ਹੈ। ਇੱਕ ਹੱਥ ਕੁਝ ਵਧੀਆ ਕਵੀਆਂ ਨੂੰ ਨਿਰਾਸ਼ ਕਰ ਕੇ ਕੁਝ ਸਮੇਂ ਲਈ ਗ਼ੈਰ-ਸਰਗਰਮ ਕਰ ਦਿੰਦੀ ਹੈ ਤੇ ਕੁਝਨਾਂ ਦਾ ਬਿੱਲਕੁਲ ਹੀ ਨਿਕਾਸ ਕਰ ਦਿੰਦੀ ਹੈ; ਤੇ ਦੂਜੇ ਹੱਥ ਸਾਹਿਤਕ ਭ੍ਰਿਸ਼ਟਾਚਾਰ ਲਈ ਆਧਾਰ ਤੇ ਵਾਤਾਵਰਣ ਮੁਹੱਈਆ ਕਰਦੀ ਹੈ। ਚੌਕਸ ਪਾਠਕ ਨੇ ਹੁਣ ਤੱਕ ਅਨੁਭਵ ਕਰ ਲਿਆ ਹੋਵੇਗਾ ਕਿ 'ਕਲਗੀ ਸੋਚ' ਰੋਗ ਕਵਿਤਾ ਦੇ ਨਾਲ ਨਾਲ ਹੋਰਨਾਂ ਸਾਹਿਤਕ ਰੂਪਾਂ ਦੇ ਲੇਖ਼ਕਾਂ ਵਿੱਚ ਵੀ ਸਰਗਰਮ ਹੋਵੇਗਾ। ਸੋ, 'ਕਲਗੀ ਸੋਚ' ਰੋਗ ਤੇ ਸਾਹਿਤਕ ਭ੍ਰਿਸ਼ਟਾਚਾਰ ਵਿਚਕਾਰਲਾ ਇਹ ਵਿਆਪਕ ਰਿਸ਼ਤਾ ਹੁਣ ਅਗਲੇ ਭਾਗ ਵਿੱਚ ਵਿਚਾਰਦੇ ਹਾਂ।

### 'ਕਲਗੀ ਸੋਚ' ਰੋਗ ਤੇ ਸਾਹਿਤਕ ਭ੍ਰਿਸ਼ਟਾਚਾਰ ਵਿਚਕਾਰ ਅਟੁੱਟ ਰਿਸ਼ਤਾ

ਮੈਂ ਪੰਜਾਬੀ ਸਾਹਿਤ ਸੱਭਿਆਚਾਰ ਦਾ ਜੰਮਪਲ ਹਾਂ; ਇਹਦੇ ਵਰਦਾਨਾਂ ਤੇ ਸਰਾਪਾਂ ਨੂੰ ਭੋਗਿਆ ਹੈ। ਇਸ ਲਈ ਇਹਨੂੰ ਦੇਖਿਆ ਤੇ ਘੋਖਿਆ ਹੈ, ਹੋਰਨਾਂ ਸਾਹਿਤ ਸੱਭਿਆਚਾਰਾਂ ਤੇ ਹੋਰਨਾਂ ਖ਼ੇਤਰਾਂ ਦੇ ਮੇਰੇ ਗਿਆਨ ਤੇ ਅਨੁਭੂਤੀ ਦੇ ਧਰਾਤਲ ਉੱਤੇ ਖੜ੍ਹ ਕੇ। ਇਸ ਸੰਦਰਭ ਵਿੱਚ, ਇੱਥੇ ਮੈਂ ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਨੂੰ ਹੱਥ ਇੱਕ ਮਾਡਲ ਪੇਸ਼ ਕਰ ਰਿਹਾ ਹਾਂ। ਜਿਵੇਂ ਚਿੱਤਰ ਵਿੱਚ ਦਿਖਾਇਆ ਗਿਆ ਹੈ, ਇਸ ਭ੍ਰਿਸ਼ਟਾਚਾਰ ਦੀ ਜੜ੍ਹ ਹੈ: ਜਾਗੀਰੂ ਤੇ ਰਾਜਸ਼ਾਹੀ ਕਦਰਾਂ ਕੀਮਤਾਂ ਦੀ ਰਹਿੰਦ-ਖੂਹੰਦ ਤੇ ਗ਼ਲਾਮੀ ਦੇ ਸਦੀਆਂ ਲੰਬੇ ਇਤਿਹਾਸ 'ਚੋਂ ਉਪਜੀ ਮਾਨਸਿਕਤਾ। ਪੰਜਾਬੀ ਬੰਦੇ ਦਾ ਇਹ ਮਾਲਕ-ਨੌਕਰ ਵਾਲਾ ਦੋਹਰਾ ਕਿਰਦਾਰ ਰੋਜ਼ਾਨਾ ਜ਼ਿੰਦਗੀ ਦੇ ਹਰ ਖ਼ੇਤਰ ਦੇ ਵੱਖ ਵੱਖ ਪਹਿਲੂਆਂ ਵਿੱਚ ਉਜਾਗਰ ਹੁੰਦਾ ਹੈ। ਮਿਸਾਲ ਵਜੋਂ, ਆਪਣੇ ਮਾਤਹਿਤਾਂ ਜਾਂ ਨੀਂਵਿਆਂ ਨਾਲ ਨਜਿੱਠਦਿਆਂ ਉਹਦੇ ਸਿਰ ਉੱਪਰ ਰਾਜਸ਼ਾਹੀ ਕਲਗੀ ਝੁੱਲਣ ਲੱਗਦੀ ਹੈ, ਤੇ ਉੱਪਰਲਿਆਂ ਸਾਹਮਣੇ ਉਹਦੀ ਪਿੱਠ 'ਤੇ ਪੂਛ ਉੱਗ ਆਉਂਦੀ ਹੈ, ਤੇ ਲਿਫ਼ ਲਿਫ਼ ਜਾਂਦਾ ਹੈ। ਜਾਗੀਰੂ ਤੇ ਰਾਜਸ਼ਾਹੀ ਕਦਰਾਂ ਕੀਮਤਾਂ ਦੀ ਰਹਿੰਦ ਖੂਹੰਦ ਤੇ ਗ਼ਲਾਮੀ ਦੇ ਸਦੀਆਂ ਲੰਬੇ ਇਤਿਹਾਸ 'ਚੋਂ ਉਪਜੀ ਇਹ ਮਾਨਸਿਕਤਾ ਇੱਕ ਰੋਗ ਨੂੰ ਜਨਮ ਦਿੰਦੀ

⇒ ਬਾਕੀ ਅਗਲੇ ਸਫੇ 'ਤੇ

**ਮਾਸਟਰ ਖੇਡਾਂ**

# ਬਜ਼ੁਰਗੀ ਤੋਂ ਜਵਾਨੀ ਵੱਲ ਨੂੰ ਮੋੜਾ

**ਅਮਨਦੀਪ ਸਿੰਘ ਕੁਲਾਰ**
**ਫੋਨ: 602-610-0001**

ਪਹਿਲੀ ਨਜ਼ਰੇ ਲੱਗਦਾ ਹੈ ਕਿ ਇਹ ਸਕੂਲ ਵਾਲੇ ਮਾਸਟਰਾਂ ਦੀਆਂ ਖੇਡਾਂ ਹਨ। ਭੁਲੇਖਾ ਜਿਹਾ ਹੀ ਲੱਗਦਾ ਹੈ, ਪਰ ਕਹਾਣੀ ਇਹ ਨਹੀਂ, ਕੁਝ ਹੋਰ ਹੈ। ਖੇਡਾਂ ਵਾਲੇ ਅਥਲੀਟ ਅਕਸਰ 30 ਕੁ ਸਾਲ ਦੀ ਉਮਰ ਵਿੱਚ ਰਿਟਾਇਰ ਹੋ ਜਾਂਦੇ ਹਨ। ਪੱਛਮੀ ਦੇਸ਼ਾਂ ਦੇ ਲੋਕਾਂ 'ਚ ਖੇਡ ਕਲਚਰ ਬਹੁਤ ਜ਼ਿਆਦਾ ਹੈ। ਖੇਡਾਂ ਨੂੰ ਹਮੇਸ਼ਾ ਯੂਰਪ ਤੇ ਪੱਛਮੀ ਮੁਲਕਾਂ ਦੇ ਲੋਕਾਂ ਨੇ ਰੱਜ ਕੇ ਮਾਣਿਆ ਹੈ।

ਮਾਸਟਰ ਖੇਡਾਂ ਦੀ ਸ਼੍ਰੇਣੀ 35 ਸਾਲ ਤੋਂ ਸ਼ੁਰੂ ਹੁੰਦੀ ਹੈ: 35 ਤੋਂ 39, 40 ਤੋਂ 44, 45 ਤੋਂ 49 ਸਾਲ ਅਤੇ 50 ਤੋਂ 105 ਸਾਲ ਤੱਕ। ਜੇ ਕੋਈ ਓਲੰਪਿਕ ਖਿਡਾਰੀ ਜਾਂ ਖਿਡਾਰਨ ਜਾਂ ਕੋਈ ਵੀ ਨੈਸ਼ਨਲ ਜਾਂ ਉਚ ਕੋਟੀ ਦਾ ਅਥਲੀਟ 35 ਸਾਲ ਤੋਂ ਬਾਅਦ ਖੇਡਾਂ 'ਚ ਸ਼ਮੂਲੀਅਤ ਕਰਨੀ ਚਾਹੁੰਦਾ ਹੈ ਤਾਂ ਮਾਸਟਰ ਖੇਡਾਂ ਰਾਹੀਂ ਉਸ ਦਾ ਸੁਪਨਾ ਪੂਰਾ ਹੋ ਸਕਦਾ ਹੈ।

ਉਮਰ ਦੇ ਵਧਣ ਨਾਲ ਸਰੀਰ ਦੀ ਕਿਰਿਆ ਘਟਦੀ ਹੈ; ਸਪੀਡ, ਤਾਕਤ, ਸਟੈਮਿਨਾ, ਲਚਕ ਕਮਜ਼ੋਰ ਹੁੰਦੀ ਹੈ, ਪਰ ਜੇਕਰ ਮਨ ਵਿੱਚ ਜਜ਼ਬਾ ਹੋਵੇ ਤਾਂ ਹਰ ਮੁਕਾਮ ਸੰਭਵ ਹੈ। ਫੌਜਾ ਸਿੰਘ ਦੀ ਉਦਾਹਰਨ ਸਾਡੇ ਸਾਹਮਣੇ ਹੈ। ਕਿਵੇਂ ਸਰਦਾਰ ਨੇ ਦੁਨੀਆਂ 'ਚ ਆਪਣਾ ਲੋਹਾ ਮੰਨਵਾਇਆ। ਆਪਣੀ ਪਹਿਲੀ ਮੈਰਾਥਨ 90 ਸਾਲ ਦੀ ਉਮਰ 'ਚ ਭੱਜਣਾ ਵੀ ਆਪਣੇ ਆਪ ਵਿੱਚ ਰਿਕਾਰਡ ਹੈ। ਸੌ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਆਪਣੀ ਆਖਰੀ ਮੈਰਾਥਨ ਦੌੜੀ। 2003 ਟੋਰਾਂਟੋ ਵਾਟਰਫਰੰਟ ਮੈਰਾਥਨ ਫੌਜਾ ਸਿੰਘ ਨੇ 92 ਸਾਲ ਦੀ ਉਮਰ ਵਿੱਚ 5 ਘੰਟੇ ਤੇ 40 ਮਿੰਟ ਵਿੱਚ ਪੂਰੀ ਕੀਤੀ।


ਵਰਲਡ ਮਾਸਟਰ ਗੇਮਜ਼ ਦੀ ਸ਼ੁਰੂਆਤ ਪਹਿਲੀ ਅਗਸਤ 1985 ਨੂੰ ਟੋਰਾਂਟੋ ਵਿੱਚ ਹੋਈ। ਹਰ 4 ਸਾਲ 'ਚ ਹੁੰਦੀਆਂ ਵਰਲਡ ਮਾਸਟਰ ਖੇਡਾਂ 'ਚ ਅਲੱਗ ਅਲੱਗ ਤਰ੍ਹਾਂ ਦੀਆਂ ਖੇਡਾਂ ਹੁੰਦੀਆਂ ਹਨ। ਇਨ੍ਹਾਂ ਨੂੰ ਜੇ ਬਜ਼ੁਰਗਾਂ ਦੀ ਓਲੰਪਿਕ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਿਡਨੀ 2009 ਵਰਲਡ ਮਾਸਟਰ ਖੇਡਾਂ ਵਿੱਚ ਰਿਕਾਰਡ 28,676 ਖਿਡਾਰੀਆਂ ਨੇ ਹਿੱਸਾ ਲਿਆ, ਜੋ 2000 ਸਿਡਨੀ ਓਲੰਪਿਕਸ ਨਾਲੋਂ ਦੁੱਗਣਾ ਸੀ। ਇਸ ਗੱਲ ਤੋਂ ਇਨ੍ਹਾਂ ਖੇਡਾਂ ਦੀ ਲੋਕਪ੍ਰਿਅਤਾ ਦਾ ਪਤਾ ਚੱਲਦਾ ਹੈ।

ਵਰਲਡ ਮਾਸਟਰ ਖੇਡਾਂ ਗਰਮੀਆਂ ਤੇ ਸਰਦੀਆਂ ਦੀਆਂ ਹੁੰਦੀਆਂ ਹਨ। ਗਰਮੀਆਂ ਦੀ ਮਾਸਟਰ ਖੇਡਾਂ ਵਿੱਚ ਸੌ ਤੋਂ ਵੀ ਜ਼ਿਆਦਾ ਦੇਸ਼ ਹਿੱਸਾ ਲੈਂਦੇ ਹਨ। ਸਲੋਵੇਨੀਆ ਦੇ ਸ਼ਹਿਰ ਬਲੈਡ (Bled) ਵਿੱਚ 2010 ਨੂੰ ਸ਼ੁਰੂ ਹੋਈਆਂ ਸਰਦੀਆਂ ਦੀਆਂ ਮਾਸਟਰ ਖੇਡਾਂ ਵਿੱਚ 42 ਦੇਸ਼ਾਂ ਨੇ ਹਿੱਸਾ ਲਿਆ। ਗਰਮੀਆਂ ਦੀਆਂ ਖੇਡਾਂ ਵਿੱਚ ਤੀਰ ਅੰਦਾਜ਼ੀ, ਅਥਲੈਟਿਕਸ, ਬੈਡਮਿੰਟਨ, ਬੇਸਬਾਲ, ਬਾਸਕਿਟਬਾਲ, ਫੁੱਟਬਾਲ, ਹਾਕੀ, ਰਗਬੀ, ਵਾਲੀਬਾਲ












ਨੂੰ ਮਿਲਾ ਕੇ ਕੁਝ 28 ਖੇਡਾਂ ਹੁੰਦੀਆਂ ਹਨ।

ਅਮਰੀਕਾ ਦੀਆਂ ਮਾਸਟਰ ਖੇਡਾਂ ਵੀ ਬਹੁਤ ਪ੍ਰਸਿੱਧ ਹੋ ਰਹੀਆਂ ਹਨ। ਇਨ੍ਹਾਂ ਨੂੰ ਵੀ ਇੰਟਰਨੈਸ਼ਨਲ ਮਾਸਟਰ ਗੇਮਜ਼ ਐਸੋਸੀਏਸ਼ਨ (IMGA) ਕਰਵਾਉਂਦੀ ਹੈ। ਮਾਸਟਰ ਟਰੈਕ ਐਂਡ ਫੀਲਡ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਹਰ ਦੋ ਸਾਲ ਬਾਅਦ ਅਮਰੀਕਾ ਮਾਸਟਰ ਟਰੈਕ ਤੇ ਫੀਲਡ (ਆਊਟਡੋਰ ਤੇ ਇਨਡੋਰ) ਖੇਡਾਂ ਹੁੰਦੀਆਂ ਹਨ; ਤੇ ਇਨ੍ਹਾਂ ਖੇਡਾਂ ਵਿੱਚ ਖਿਡਾਰੀਆਂ ਦਾ ਜਜ਼ਬਾ ਦੇਖਣਯੋਗ ਹੁੰਦਾ ਹੈ। ਇੱਕ ਪਾਸੇ 70 ਤੋਂ 74 ਸਾਲ ਦੇ ਜਵਾਨ ਟਰੈਕ ਉਤੇ 400 ਮੀਟਰ ਭੱਜ ਰਹੇ ਹੁੰਦੇ ਹਨ ਅਤੇ ਦੂਜੇ ਪਾਸੇ 80 ਤੋਂ 84 ਸਾਲ ਦੀਆਂ ਔਰਤਾਂ ਦਾ ਗੋਲਾ ਸੁੱਟਣ ਦਾ ਮੁਕਾਬਲਾ ਚੱਲ ਰਿਹਾ ਹੁੰਦਾ ਹੈ। ਇੱਕ ਦੂਜੇ ਦੀ ਹੌਸਲਾ ਅਫਜ਼ਾਈ ਕਰਨੀ ਕੋਈ ਇਨ੍ਹਾਂ ਖਿਡਾਰੀਆਂ ਤੋਂ ਸਿੱਖੇ। ਉਮਰ ਦੇ ਜਿਸ ਪੜਾਅ 'ਚ ਆਮ ਬਜ਼ੁਰਗ ਮੰਜੇ 'ਤੇ ਹੁੰਦੇ ਹਨ ਅਤੇ ਡਾਕਟਰਾਂ



ਵਿਲੀ ਗਲਟ (Willie Gault)

ਦੇ ਗੇੜੇ ਕੱਢ ਰਹੇ ਹੁੰਦੇ ਹਨ, ਉਥੇ ਇਹ ਬਜ਼ੁਰਗ 25-30 ਸਾਲ ਦੇ ਜਵਾਨਾਂ ਦਾ ਭੁਲੇਖਾ ਪਾਉਂਦੇ ਹਨ।

ਮਰਦਾਂ ਦੇ 50 ਸਾਲ ਵਰਗ 'ਚ ਇੰਗਲੈਂਡ ਦੇ ਵਿਲੀ ਗਲਟ (Willie Gault) ਨੇ 100 ਮੀਟਰ ਦੌੜ 'ਚ 10.88 ਸੈਕਿੰਡ 'ਚ ਵਰਲਡ ਰਿਕਾਰਡ ਬਣਾਇਆ ਸੀ। 1960 ਦਾ ਇਹ ਰਿਕਾਰਡ ਅਜੇ ਵੀ ਕਾਇਮ ਹੈ। ਇਸੇ ਤਰ੍ਹਾਂ ਔਰਤਾਂ ਦੇ 60 ਸਾਲ ਵਰਗ ਮੁਕਾਬਲੇ ਵਿੱਚ ਫਰਾਂਸ ਦੀ ਨਿਕੋਲ ਅਲੈਕਸਿਸ (Nicole Alexis) ਵੱਲੋਂ ਵੀ 12.24 ਸੈਕਿੰਡ ਦਾ 100 ਮੀਟਰ ਦਾ ਰਿਕਾਰਡ ਬਣਾਇਆ ਗਿਆ। 1960 ਦਾ ਇਹ ਰਿਕਾਰਡ ਵੀ ਬਰਕਰਾਰ ਹੈ। ਇਨ੍ਹਾਂ ਖਿਡਾਰੀਆਂ ਦੀ ਲਗਨ, ਹਿੰਮਤ, ਹੌਸਲਾ ਤੇ ਦ੍ਰਿੜ ਇਰਾਦੇ ਆਪਣੇ ਆਪ ਵਿੱਚ ਮਿਸਾਲ ਹਨ।

ਉਮਰ ਇੱਕ ਨੰਬਰ ਹੁੰਦੀ ਹੈ। 50, 60 ਜਾਂ 70 ਸਾਲ ਦੇ ਖਿਡਾਰੀਆਂ ਦੇ ਬਣਾਏ ਰਿਕਾਰਡ ਅੱਜ ਵੀ ਜਵਾਨ ਮੁੰਡਿਆਂ ਦੇ ਮੂੰਹ 'ਚ ਉਂਗਲਾਂ ਪਵਾ ਦਿੰਦੇ ਹਨ। ਇਹ ਕੋਈ ਇੱਕ ਦਿਨ ਦਾ ਜਾਦੂ ਨਹੀਂ, ਸਗੋਂ ਸਾਲਾਂਬੱਧੀ ਮਿਹਨਤ ਤੇ ਲਗਨ ਦਾ ਨਤੀਜਾ ਹੈ। ਜਿੱਥੇ ਮਾਸਟਰ ਖੇਡਾਂ ਸਾਨੂੰ ਤੰਦਰੁਸਤੀ ਤੇ ਨਾਲ ਨਾਲ ਸਰੀਰ ਤੇ ਮਨ ਦੀ ਸੁਡੋਲਤਾ ਦਿੰਦੀਆਂ ਹਨ, ਉਥੇ ਇੱਕ ਸਿਹਤਮੰਦ ਸਮਾਜ ਵੀ ਸਿਰਜਦੀਆਂ ਹਨ।

## ਸਾਹਿਤਕਾਰਾਂ ਤੇ ਆਲੋਚਕਾਂ ਵਿੱਚ ਛਾਇਆ 'ਕਲਗੀ ਸੋਚ' ਰੋਗ

ਹੈ, ਜਿਸ ਨੂੰ ਮੈਂ 'ਕਲਗੀਪੂਛ ਸੋਚ' ਕਹਿੰਦਾ ਹਾਂ; ਸੰਖੇਪਤਾ ਹਿੱਤ ਸਿਰਫ਼ 'ਕਲਗੀ ਸੋਚ' ਕਹਿ ਸਕਦੇ ਹਾਂ।

ਇਹ 'ਕਲਗੀ ਸੋਚ' ਰੋਗ ਵੱਖ ਵੱਖ ਖੇਤਰਾਂ ਵਿੱਚ ਭਿੰਨ ਭਿੰਨ ਰੂਪਾਂ (Vairants) ਵਿੱਚ ਫ਼ੈਲ ਕੇ ਉਨ੍ਹਾਂ ਖੇਤਰਾਂ ਵਿੱਚ ਬੰਦਿਆਂ ਦੇ ਸੁਭਾਵਾਂ ਨੂੰ ਬੜੇ ਨਿਸ਼ਤਿਤ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਖੇਤਰ ਭਾਵੇਂ ਕੋਈ ਵੀ ਹੋਵੇ, ਕੁਝ ਪ੍ਰਭਾਵ ਉਚ ਪੱਧਰ 'ਤੇ ਇੱਕ ਜਿਹੇ ਜਾਂ ਸਾਂਝੇ ਲੱਛਣਾਂ ਵਿੱਚ ਪ੍ਰਗਟ ਹੁੰਦੇ ਨੇ, ਜਿਵੇਂ: (1) ਸੋਚ ਦਾ 'ਤਰਕ' ਦੀ ਬਜਾਏ ਹੋਰ ਚੀਜ਼ਾਂ 'ਤੇ ਆਧਾਰਿਤ ਹੋਣਾ, ਮਿਸਾਲ ਵਜੋਂ ਵਿਸ਼ਵਾਸ, ਪਸੰਦ, ਹਿੱਤ-ਪੂਰਤੀ ਆਦਿ; (2) ਸੋਚ ਦਾ ਭਵਿੱਖਮੁਖੀ ਦੀ ਥਾਂ ਭੂਤਮੁਖੀ ਹੋਣਾ, ਤੇ (3) ਅੱਜ ਦੇ ਮਸਲਿਆਂ ਸੰਗ ਨਜਿੱਠਦਿਆਂ ਵਿਗਿਆਨਕ ਸੋਚ/ਵਿਧੀ ਅਪਨਾਉਣ ਦੀ ਥਾਂ ਭੂਤ ਦੀਆਂ ਹਸਤੀਆਂ ਤੇ ਵਿਚਾਰਧਾਰਾਵਾਂ 'ਚੋਂ ਸੇਧਾਂ ਲੱਭਣਾ। ਇਹ ਆਮ ਲੱਛਣ ਖਾਸ ਖੇਤਰਾਂ ਵਿੱਚ ਉਤਰਦੇ ਉਤਰਦੇ ਉਨ੍ਹਾਂ ਖੇਤਰਾਂ ਨਾਲ ਸਬੰਧਿਤ ਖ਼ਾਸ ਅਲਾਮਤਾਂ ਦਾ ਰੂਪ ਧਾਰ ਜਾਂਦੇ ਨੇ, ਜਿਵੇਂ ਕਵਿਤਾ ਦੇ ਖੇਤਰ ਵਿੱਚ 'ਕਲਗੀ ਸੋਚ' ਰੋਗ ਦੀਆਂ ਅਲਾਮਤਾਂ ਇਸ ਲੇਖ ਵਿੱਚ ਪੇਸ਼ ਕੀਤੀਆਂ ਗਈਆਂ ਨੇ।

ਜਿਵੇਂ ਚਿੱਤਰ ਵਿੱਚ ਦਿਖਾਇਆ ਗਿਆ ਹੈ, 'ਕਲਗੀ ਸੋਚ' ਰੋਗ ਦੇ ਲੱਛਣ ਜਾਂ ਅਲਾਮਤਾਂ 'ਸਾਹਿਤਕ ਭ੍ਰਿਸ਼ਟਾਚਾਰ' ਲਈ ਮਾਹੌਲ ਪੈਦਾ ਕਰਦੀਆਂ ਨੇ, ਜੋ ਭਰਪੂਰ ਹੁੰਦਾ ਹੈ ਵੱਖ ਵੱਖ ਸਾਹਿਤਕ ਖੇਤਰਾਂ ਵਿੱਚ ਭਿੰਨ ਭਿੰਨ ਖ਼ਾਸ ਅਲਾਮਤਾਂ ਦੇ ਕਾਰਿਆਂ ਨਾਲ। ਅਜਿਹੇ ਮਾਹੌਲ ਵਿੱਚ ਨਿੱਜੀ ਤੇ ਜਥੇਬੰਦਕ ਪੱਧਰ 'ਤੇ ਕੀਤੇ ਕੁਝ ਭ੍ਰਿਸ਼ਟ ਕਾਰੇ ਆਮ 'ਤੇ ਜਾਇਜ਼ ਹੀ ਨਹੀਂ ਲੱਗਦੇ, ਸਗੋਂ ਇਹ ਮਾਹੌਲ ਅਜਿਹੇ ਕਾਰਿਆਂ ਲਈ ਉਤਸ਼ਾਹ ਤੇ ਉਕਸਾਹਟ ਵੀ ਪੈਦਾ ਕਰਦਾ ਹੈ। ਇੰਝ ਇਹ ਮਾਹੌਲ ਬਹੁ-ਦਿਸ਼ਾਵੀ 'ਸਾਹਿਤਕ ਭ੍ਰਿਸ਼ਟਾਚਾਰ' ਦਾ ਥੋਕ ਵਿੱਚ ਉਤਪਾਦਨ ਕਰਦਾ ਹੈ।

ਮੁੱਕਦੀ ਗੱਲ, ਪੰਜਾਬੀ ਵਿੱਚ ਸਾਹਿਤਕ ਭ੍ਰਿਸ਼ਟਾਚਾਰ ਦੀ ਜੜ੍ਹ ਪੁੱਟਣ ਲਈ ਪੰਜਾਬੀ ਸਾਹਿਤ ਵਿੱਚ ਰੇਨੇਸਾਂਸੀ ਕਿਸਮ ਦੀ ਜਾਗ੍ਰਿਤੀ ਲਹਿਰ ਦੀ ਜ਼ਰੂਰਤ ਹੈ, ਜਿਸ ਦੌਰਾਨ (1) ਅੱਜ ਦੇ ਗਿਆਨ ਤੇ ਹਕੀਕਤ ਦੀ ਰੌਸ਼ਨੀ ਵਿੱਚ ਮੱਧਯੁੱਗੀ ਪੰਜਾਬੀ ਸਾਹਿਤ ਦਾ ਖ਼ਾਸ ਕਰਕੇ ਤੇ ਉਹਤੋਂ ਬਾਅਦ ਦੇ ਪੰਜਾਬੀ ਸਾਹਿਤ ਦਾ ਆਮ ਕਰ ਕੇ ਪੁਨਰ-ਮੁਲੰਕਣ ਹੋਵੇ; ਤਰਕ ਦੇ ਆਧਾਰ 'ਤੇ, ਨਾ ਕਿ "ਵਾਹ ਵਾਹ", ਸ਼ਰਧਾ ਤੇ ਵਿਆਕਤੀ-ਪੂਜਾ ਦੇ ਅਸਰ ਹੇਠ ਆ ਕੇ; (2) ਆਧੁਨਿਕ ਯੁੱਗ ਦੇ ਗਿਆਨ ਤੇ ਵਿਗਿਆਨਕ ਸੋਚ ਦੇ ਹਾਣ ਦੇ ਸਾਹਿਤਕ ਆਲੋਚਨਾ ਦੇ ਪੈਮਾਨੇ ਤੇ ਮਾਪ-ਦੰਡ ਮਿੱਥੇ ਜਾਣ; (3) ਕੁਝ ਧੁਰੋਂ ਵਾਸਤਵਿਕ ਮੰਨੀਆਂ ਜਾਂਦੀਆਂ ਜਾਗੀਰੂ ਧਾਰਨਾਵਾਂ ਦਾ ਖੰਡਨ ਕੀਤਾ ਜਾਵੇ, ਉਨ੍ਹਾਂ ਦੀ ਤਰਕ ਨਾਲ ਚੀਰਫ਼ਾੜ ਕਰਕੇ, ਜਿਵੇਂ ਕਿ ਪੰਜਾਬ ਦੀ ਹੋਣੀ ਤੇ ਪੰਜਾਬੀ ਬੰਦੇ ਦੀ ਪਹਿਚਾਣ ਜ਼ਮੀਨ ਨਾਲ ਬੱਧੀ ਹੋਈ ਹੈ। ਇਹ ਧਾਰਨਾ ਜਿੱਥੇ ਪੰਜਾਬ ਦੀ ਮਜ਼ਦੂਰ ਜਮਾਤ ਦੇ ਮੂੰਹ 'ਤੇ ਚਪੇੜ ਮਾਰਦੀ ਹੈ, ਉੱਥੇ ਹੀ ਪੰਜਾਬ ਦੀ ਬਹੁ-ਦਿਸ਼ਾਵੀ ਪ੍ਰਗਤੀ ਦੇ ਸੰਕਲਪ 'ਤੇ ਜਾਗੀਰੂ ਫ਼ੁੱਲ ਸਟਾਪ ਵੀ ਲਾ ਦਿੰਦੀ ਹੈ।

ਦੂਜੇ ਸ਼ਬਦਾਂ ਵਿੱਚ, ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ ਨੂੰ ਬਰੇਕਾਂ ਲਾਉਣ ਲਈ ਪੰਜਾਬੀ ਸਾਹਿਤਕਾਰਾਂ ਤੇ ਆਲੋਚਕਾਂ ਵਿੱਚ ਛਾਏ ਛੂਤਛਾਤ ਦੇ ਰੋਗ 'ਕਲਗੀ ਸੋਚ' 'ਤੇ ਕਾਬੂ ਪਾ ਕੇ ਇਹਨੂੰ ਖ਼ਤਮ ਕਰਨਾ ਪਵੇਗਾ।

## ਵਿਧਾਨ ਸਭਾ ਵਿੱਚ ਭਗਵੰਤ ਮਾਨ ਦਾ 'ਟ੍ਰਿਪਲ ਸ਼ਾਟ'


ਤੋਂ ਵੱਖਰੀ ਨਹੀਂ ਹੈ। ਪੰਜਾਬ ਦੀ ਸਾਬਕਾ ਸਰਕਾਰ ਨੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਵੀ ਮਤਾ ਪਾਸ ਕੀਤਾ ਸੀ। ਮਾਨ ਸਰਕਾਰ ਵੱਲੋਂ ਪਾਸ ਕੀਤੇ ਬਿੱਲਾਂ ਦੀ ਹੋਣੀ ਵੀ ਉਹੋ ਜਿਹੀ ਹੋ ਸਕਦੀ ਹੈ।

ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੀ ਗੱਲ ਕਰੀਏ ਤਾਂ ਭਗਵੰਤ ਮਾਨ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਵਾਰ ਵਾਰ ਨਿਸ਼ਾਨੇ ਉੱਤੇ ਲਿਆ ਗਿਆ ਹੈ। ਨਾਗਰਿਕ ਅਧਿਕਾਰ ਸਬੰਧੀ ਕੇਂਦਰ ਦੀ ਭਾਜਪਾ ਸਰਕਾਰ ਨੂੰ ਵੀ ਰਗੜੇ ਲਾਏ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਾਹੜੀ ਖੋਲ੍ਹਣ ਬਾਰੇ ਕੀਤੀ ਟਿੱਪਣੀ ਦੀ ਕਈ ਪਾਸਿਆਂ ਤੋਂ ਨਿੰਦਾ ਸ਼ੁਰੂ ਹੋ ਗਈ ਹੈ।

ਭਗਵੰਤ ਮਾਨ ਅਤੇ ਰਾਜਪਾਲ ਦਰਮਿਆਨ ਕਈ ਚਿਰਾਂ ਤੋਂ ਪੇਚਾ ਪਿਆ ਹੋਇਆ ਹੈ। ਬਦਕਿਸਮਤੀ ਹੈ ਕਿ ਰੇੜਕਾ ਖ਼ਤਮ ਹੋਣ ਦੀ ਥਾਂ ਤਕਰਾਰ ਲਗਾਤਾਰ ਵਧ ਰਿਹਾ ਹੈ। ਇਸ ਦਾ ਖਮਿਆਜ਼ਾ ਪੰਜਾਬ ਦੇ ਲੋਕ ਭੁਗਤਣ ਲੱਗੇ ਹਨ। ਇਸ ਦਾ ਸੁਖਾਵਾਂ ਹੱਲ ਲੱਭਣ ਦੀ ਲੋੜ ਹੈ, ਨਹੀਂ ਤਾਂ ਨੁਕਸਾਨ ਪੰਜਾਬ ਅਤੇ ਪੰਜਾਬੀਆਂ ਦਾ ਹੀ ਹੋਵੇਗਾ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਿੱਚ ਸੰਘੀ ਢਾਂਚੇ ਨੂੰ ਲੈ ਕੇ ਵਿਵਾਦ ਖੜ੍ਹੇ ਹੋ ਰਹੇ ਹਨ।

ਦੋਵੇਂ ਧਿਰਾਂ ਜਿਸ ਤਰ੍ਹਾਂ ਅੜਿੰਗ ਹਨ, ਉਸ ਤੋਂ ਤਾਣੀ ਹੋਰ ਉਲਝਦੀ ਲਗਦੀ ਹੈ।

# ਗੁਰੂ ਨਾਨਕ ਦੇਵ ਜੀ ਦੇ ਮੁਸਲਮਾਨ ਸ਼ਰਧਾਲੂ-2




***"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਅਨੁਸਾਰ ਇਸ ਵਿਸ਼ੇ ਸਬੰਧੀ ਪਹਿਲਾਂ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਹਵਾਲੇ ਦੇਣ ਦੀ ਥਾਂ ਉਸ ਨੇ ਸਬੰਧਤ ਸਮੁੱਚੀਆਂ ਥਾਂਵਾਂ ਉਤੇ ਜਾ ਕੇ ਵੇਰਵੇ ਇਕੱਤਰ ਕੀਤੇ ਹਨ। ਕੁਝ ਵਰ੍ਹੇ ਪਹਿਲਾਂ ਲਿਖੀ ਉਸ ਦੀ ਧਾਰਮਿਕ ਪੁਸਤਕ "ਵੱਡਾ ਘੱਲੂਘਾਰਾ: 1762 ਦਾ ਸ਼ਹੀਦੀ ਸਾਕਾ" ਦੇ ਦੋ ਐਡੀਸ਼ਨਾਂ ਦੀਆਂ ਕਰੀਬ ਪੰਦਰਾਂ ਹਜ਼ਾਰ ਕਾਪੀਆਂ ਮੁਫਤ ਵੰਡੀਆਂ ਜਾ ਚੁੱਕੀਆਂ ਹਨ। ਉਸ ਦੀ ਇੱਕ ਪੁਸਤਕ "ਹਿਜਰ ਤੈਂਡੜਾ" ਉਤੇ ਐੱਮ. ਫਿਲ ਹੋ ਚੁੱਕੀ ਹੈ ਅਤੇ ਉਸ ਦੀਆਂ ਕੁਝ ਪੁਸਤਕਾਂ ਦਾ ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਅਨੁਵਾਦ ਹੋ ਚੁੱਕਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ 15 ਅਗਸਤ 2017 ਦੇ ਦਿਨ ਸੁਤੰਤਰਤਾ ਦਿਵਸ ਨੂੰ ਸਮਰਪਿਤ ਗੁਰਦਾਸਪੁਰ ਵਿੱਚ ਹੋਏ ਸੂਬਾ ਪੱਧਰੀ ਸਮਾਗਮ ਵਿੱਚ ਅਲੀ ਰਾਜਪੁਰਾ ਨੂੰ "ਸਟੇਟ ਐਵਾਰਡ" ਨਾਲ ਨਿਵਾਜਿਆ ਗਿਆ ਸੀ। ਉਹ ਜ਼ਿਲ੍ਹਾ ਪਟਿਆਲਾ ਦੇ ਪਿੰਡ ਗੁਰਦਿੱਤਪੁਰਾ (ਨੱਤਿਆਂ) ਦਾ ਜੰਮਪਲ ਹੈ, ਪਰ ਰਹਿੰਦਾ ਰਾਜਪੁਰਾ ਹੈ; ਤੇ ਅਸਲ ਨਾਂ ਅਲੀ ਮੁਹੰਮਦ ਹੈ। ਉਸ ਦੀਆਂ ਚਰਚਿਤ ਪੁਸਤਕਾਂ ਵਿੱਚ 'ਕਰਮੋ', 'ਕਲਪਦੀਆਂ ਰੂਹਾਂ', 'ਲੋਕ ਕਥਾਵਾਂ ਦਾ ਬਾਦਸ਼ਾਹ ਕੁਲਦੀਪ ਮਾਣਕ', 'ਕਵੀਸ਼ਰੀ ਦਾ ਥੰਮ੍ਹ ਰਣਜੀਤ ਸਿੰਘ ਸਿੱਧਵਾਂ', 'ਕਵੀਸ਼ਰ ਜੋਗਾ ਸਿੰਘ ਜੋਗੀ: ਜੀਵਨ ਤੇ ਰਚਨਾ', 'ਪੰਜਾਬੀ ਗਾਇਕੀ ਦੇ ਸੱਤ ਸਮੁੰਦਰ', 'ਪੰਜਾਬੀ ਭਾਸ਼ਾ ਦਾ ਭਵਿੱਖ', 'ਗਦਰ ਇਤਿਹਾਸ 1914', 'ਵੱਡਾ ਘੱਲੂਘਾਰਾ: 1762 ਦਾ ਸ਼ਹੀਦੀ ਸਾਕਾ', 'ਕਿੱਸਾਕਾਰੀ ਦਾ ਕਿੱਸਾ ਕਰਨੈਲ ਸਿੰਘ ਰਾਮੂਵਾਲੀਆ' ਸ਼ਾਮਲ ਹਨ। ਉਹ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ...***

**ਅਲੀ ਰਾਜਪੁਰਾ**
ਫੋਨ: +91-94176-79302



## ਮਾਈ ਦੌਲਤਾਂ

ਮਾਈ ਦੌਲਤਾਂ ਦਾਈਪੁਣਾ ਕਰਦੀ ਸੀ। ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਰਹਿੰਦੀ ਸੀ। ਸੁਭਾਅ ਵਿਚ ਅੰਤਾਂ ਦੀ ਮਿਠਾਸ ਤੇ ਪੂਰੀ ਧਾਰਮਿਕ ਬਿਰਤੀ ਵਾਲੀ। ਇਹੋ ਹੀ ਦਾਈ ਗੁਰੂ ਨਾਨਕ ਦੇਵ ਜੀ ਦੀ ਦਾਈ ਸੀ। ਰਿਸ਼ਤੇ ਵਿਚ ਇਹ ਭਾਈ ਮਰਦਾਨਾ ਜੀ ਦੇ ਤਾਏ ਦੀ ਲੜਕੀ ਸੀ। ਗੁਰੂ ਸਾਹਿਬ ਨੇ ਜਨਮ ਸਮੇਂ ਚਿਹਰੇ ਦੀ ਮੁਸਕਰਾਹਟ ਦੇਖ ਕੇ ਮਾਈ ਦੌਲਤਾਂ ਨੇ ਭਵਿੱਖਬਾਣੀ ਕੀਤੀ ਸੀ, "ਇਹ ਬਾਲਕ ਜੱਗ ਦਾ ਨੂਰ ਐ।"

ਗੁਰੂ ਨਾਨਕ ਦੇਵ ਜੀ ਦਾ ਮਾਈ ਨਾਲ ਕਾਫ਼ੀ ਸਨੇਹ ਸੀ। ਇਕ ਵਾਰ ਗੁਰੂ ਜੀ ਈਦ ਵਾਲੇ ਦਿਨ ਮਾਈ ਦੌਲਤਾਂ ਕੋਲ਼ ਜਾ ਪਹੁੰਚੇ ਤੇ ਮਿੱਠੀਆਂ ਸੇਵੀਆਂ ਖਾਣ ਦੀ ਇੱਛਾ ਜ਼ਾਹਰ ਕੀਤੀ ਤਾਂ ਮਾਈ ਕਹਿਣ ਲੱਗੀ, "ਤੁਸੀਂ ਉੱਚ ਜਾਤੀ ਦੇ ਹਿੰਦੂ ਹੋ ਤੇ ਮੈਂ ਗ਼ਰੀਬ ਮੀਰ ਆਲਮ, ਇਸ ਲਈ ਇਹ ਖਾਣਾ ਤੁਹਾਡੇ ਲਈ ਨਹੀਂ ਹੈ...।" ਗੁਰੂ ਜੀ ਨੇ ਇੱਕ ਨਾ ਮੰਨੀ। ਮਾਈ ਦੌਲਤਾਂ ਦੇ ਸਵਾਲਾਂ ਨੂੰ ਤਰਕਵਾਦੀ ਜਵਾਬਾਂ ਨਾਲ ਮਨਾ ਲਿਆ ਤੇ ਮਾਈ ਦੌਲਤਾਂ ਤੋਂ ਸੇਵੀਆਂ ਲੈ ਕੇ ਖਾਣ ਲੱਗੇ। ਉਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ ਲਗਭਗ 6 ਸਾਲ ਦੱਸੀ ਜਾਂਦੀ ਹੈ।

## ਰਾਇ ਬੁਲਾਰ ਖ਼ਾਨ

ਤਲਵੰਡੀ (ਨਨਕਾਣਾ ਸਾਹਿਬ) ਦਾ ਜਗੀਰਦਾਰ ਸੀ ਰਾਇ ਬੁਲਾਰ ਖ਼ਾਨ। ਉਂਝ ਖ਼ਾਨਦਾਰ ਭੱਟੀ ਰਾਜਪੂਤ ਸੀ ਤੇ ਬਾਅਦ ਵਿਚ ਇਸਲਾਮ ਕਬੂਲ ਕਰ ਲਿਆ ਸੀ। ਗੁਰੂ ਨਾਨਕ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਖ਼ਾਨ ਦੇ ਮਾਲ ਮਹਿਕਮੇ ਵਿਚ ਅਹਿਲਕਾਰ ਸਨ। ਗੁਰੂ ਜੀ ਦੇ ਰੱਬੀ ਨੂਰ ਦੀ ਤਸਦੀਕ ਕਰਨ ਵਾਲ਼ੇ ਚਾਰ ਇਨਸਾਨ ਦੱਸੇ ਜਾਂਦੇ ਹਨ, ਜਿਨ੍ਹਾਂ 'ਚ ਗੁਰੂ ਜੀ ਦੀ ਭੈਣ ਬੀਬੀ ਨਾਨਕੀ, ਜੋ ਗੁਰੂ ਜੀ ਤੋਂ ਚਾਰ ਸਾਲ ਵੱਡੇ ਸਨ; ਭਾਈ ਮਰਦਾਨਾ ਜੀ, ਜੋ ਗੁਰੂ ਜੀ ਤੋਂ ਦਸ ਸਾਲ ਵੱਡੇ ਸਨ; ਰਾਇ ਬੁਲਾਰ, ਜੋ ਗੁਰੂ ਜੀ ਤੋਂ ਕਰੀਬ ਪੱਚੀ ਸਾਲ ਵੱਡੇ ਸਨ ਅਤੇ ਮਾਈ ਦੌਲਤਾਂ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਦਾਈ ਹੋਣ ਦਾ ਮਾਣ ਹਾਸਲ ਹੋਇਆ।

ਰਾਇ ਬੁਲਾਰ ਨੇ ਬਾਲ ਉਮਰ 'ਚ ਗੁਰੂ ਜੀ ਦੇ ਰੱਬੀ ਨੂਰ ਹੋਣ ਦਾ ਤਸਦੀਕ ਕੀਤਾ ਸੀ, ਜਿਸ ਬਾਰੇ ਮਹਿਤਾ ਕਾਲੂ ਅਸਲੋਂ ਬੇ-ਖ਼ਬਰ ਸਨ। ਜਦੋਂ ਗੁਰੂ ਜੀ ਦਾ ਪੜ੍ਹਾਈ ਵਿਚ ਮਨ ਨਾ ਲੱਗਦਾ ਦੇਖਿਆ ਤਾਂ ਮਾਪਿਆਂ ਨੇ ਗੁਰੂ ਜੀ ਨੂੰ ਪਸ਼ੂ ਚਾਰਨ ਭੇਜ ਦਿੱਤਾ। ਗੁਰੂ ਜੀ ਸੌਂ ਗਏ ਤਾਂ ਪਸ਼ੂਆਂ ਨੇ ਫ਼ਸਲਾਂ ਉਜਾੜ ਦਿੱਤੀਆਂ।

ਇਕ ਵਾਰ ਗੁਰੂ ਜੀ ਮੱਝਾਂ ਚਰਾ ਰਹੇ ਸਨ ਤੇ ਰਾਇ ਬੁਲਾਰ ਨੇੜਿਓਂ ਗੁਜ਼ਰ ਰਹੇ ਸਨ। ਉਨ੍ਹਾਂ ਨੇ ਬਾਬੇ ਨਾਨਕ ਕੋਲ਼ ਜਾ ਕੇ ਹੱਥ ਜੋੜ ਫ਼ਤਿਹ ਬੁਲਾਈ ਤੇ ਕਿਹਾ, "ਤੁਸੀਂ ਮੇਰੀ ਮੁਰਾਦ ਪੂਰੀ ਕਰੋ, ਮੈਂ ਜਾਣਦਾ ਹਾਂ ਕਿ ਖ਼ੁਦਾ ਨੇ ਵਡਿਆਈ ਤੁਹਾਨੂੰ ਬਖ਼ਸ਼ੀ ਐ। ਤੁਸੀਂ ਦੀਨ-ਦੁਨੀਆਂ ਤੋਂ ਜਾਣੀ ਜਾਣ, ਮੇਰੀ ਦਿਲੀ ਮੁਰਾਦ ਪੂਰੀ ਕਰੋ।" ਗੁਰੂ ਜੀ ਨੇ ਅਸੀਸ ਦਿੱਤੀ। ਸਾਲ ਮਗਰੋਂ ਰਾਇ ਬੁਲਾਰ ਦੇ ਘਰ ਪੁੱਤਰ ਨੇ ਜਨਮ ਲਿਆ। ਰਾਇ ਬੁਲਾਰ ਖੁਸ਼ੀ 'ਚ ਫੁੱਲਿਆ ਨਾ ਸਮਾਇਆ। ਭਾਰੀ ਇਕੱਠ ਜੁੜਿਆ ਤੇ ਨਵਾਬ ਦੌਲਤ ਖ਼ਾਨ ਵੀ ਪਹੁੰਚੇ। ਰਾਇ ਬੁਲਾਰ ਨੇ ਆਪਣੀ ਅੱਧੀ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਨਾਂ ਕਰ ਦੇਣ ਦਾ ਐਲਾਨ ਕਰ ਦਿੱਤਾ, ਜੋ ਉਸ ਸਮੇਂ ਲਗਭਗ ਸਾਢੇ ਸੱਤ ਸੌ ਮੁਰੱਬੇ ਬਣਦੀ ਸੀ। ਮਾਲ ਰਿਕਾਰਡ ਅਨੁਸਾਰ ਇਨ੍ਹਾਂ ਮੁਰੱਬਿਆਂ ਵਿਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ।

ਬਾਬਾ ਜੀ ਦਾ ਧਿਆਨ ਪੜ੍ਹਾਈ ਵਿਚ ਨਾ ਹੋਣ ਕਰਕੇ ਮਹਿਤਾ ਕਾਲੂ (ਕਲਿਆਣ ਦਾਸ) ਜੀ ਨੂੰ ਉਦਾਸੀ ਨੇ ਘੇਰ ਲਿਆ। ਉਨ੍ਹਾਂ ਵਿਚਾਰ ਕੀਤਾ ਕਿ ਹੱਟੀ ਕਰਾ ਦਿੰਦੇ ਹਾਂ। ਮਹਿਤਾ ਕਾਲੂ ਜੀ ਨੇ 20 ਰੁਪਏ ਦੇ ਕੇ ਵਪਾਰ ਕਰਨ ਲਈ ਭੇਜਿਆ। ਬਾਬਾ ਜੀ ਨੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਫਰਜ਼ ਨਿਭਾ ਦਿੱਤਾ। ਜਦੋਂ ਪਿਤਾ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਗੁੱਸੇ 'ਚ ਲਾਲ-ਪੀਲ਼ੇ ਹੋਣ ਲੱਗੇ, ਬਾਬਾ ਨਾਨਕ ਜੀ ਪਿੰਡੋਂ ਬਾਹਰ ਵਾਰ ਪੀਲੂ ਦੇ ਦਰਖ਼ਤ ਹੇਠ ਭਗਤੀ ਵਿਚ ਲੀਨ ਸਨ। ਪਿਤਾ ਨੇ ਜਾਂਦਿਆਂ ਹੀ ਗੁਰੂ ਦੇ ਚਪੇੜ ਮਾਰੀ। ਜਦੋਂ ਇਹ ਖ਼ਬਰ ਰਾਇ ਬੁਲਾਰ ਕੋਲ ਪਹੁੰਚੀ ਤਾਂ ਉਹ ਦੁਖੀ ਹੋਏ। ਉਨ੍ਹਾਂ ਨੇ ਸੁਨੇਹਾ ਭੇਜ ਕੇ ਕਲਿਆਣ ਦਾਸ ਜੀ ਤੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਕੋਲ ਸੱਦ ਲਿਆ ਤੇ ਕਿਹਾ, "ਮਹਿਤਾ ਜੀ ਮੈਂ ਤੁਹਾਨੂੰ ਸਖ਼ਤ ਤਾਕੀਦ ਕੀਤੀ ਸੀ ਕਿ ਬਾਲਕ ਨੂੰ ਉੱਚਾ ਨ੍ਹੀ ਬੋਲਣਾ। ਅੱਜ ਤਾਂ ਤੁਸੀਂ ਭਾਰੀ ਗੁਸਤਾਖ਼ੀ ਕੀਤੀ, ਜਿਸ ਨਾਲ ਸਾਡੇ ਹਿਰਦੇ 'ਤੇ ਭਾਰੀ ਸੱਟ ਵੱਜੀ ਹੈ।" ਪਿਤਾ ਮਹਿਤਾ ਕਾਲੂ ਨੇ ਦੁਖੀ ਮਨ ਨਾਲ ਕਿਹਾ, "ਜੀ ਇਹ ਕਿਸੇ ਕੰਮ ਦਾ ਨਹੀਂ। ਮੈਂ ਰੋਜ਼ ਕਿਵੇਂ ਨੁਕਸਾਨ ਝੱਲਾਂ, ਇਸਨੇ ਵੀਹ ਰੁਪਏ ਉਜਾੜ ਦਿੱਤੇ।" ਰਾਇ ਬੁਲਾਰ ਨੇ ਉਨ੍ਹਾਂ ਨੂੰ ਪੈਸੇ ਸੌਂਪ ਦਿੱਤੇ। ਪਿਤਾ ਨੇ ਪੈਸੇ ਲੈਣੋਂ ਇਨਕਾਰ ਕਰ ਦਿੱਤਾ ਤਾਂ ਤੇ ਕਿਹਾ, "ਅੱਜ ਇਸ ਨੇ ਆਹ ਨੁਕਸਾਨ ਕੀਤਾ ਹੈ, ਕੱਲ੍ਹ ਹੋਰ ਕਰੇਗਾ।" ਰਾਇ ਬੁਲਾਰ ਨੇ ਗੁਰੂ ਜੀ ਦਾ ਹੱਕ ਪੂਰਦਿਆਂ ਕਿਹਾ, "ਸਾਨੂੰ ਸਾਫ ਦਿੱਸਦਾ ਹੈ, ਕੱਲ੍ਹ ਨੂੰ ਦੁਨੀਆਂ ਦੀ ਦੌਲਤ ਦਾ ਦਰਿਆ ਇਸ ਬਾਲਕ ਦਿਆਂ ਹੱਥਾਂ ਥਾਣੀਂ ਵਗੇਗਾ।"

ਭਾਈਆ ਜੈ ਰਾਮ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਦਾ ਮਾਲ ਅਫਸਰ ਸੀ ਤੇ ਰਾਇ ਬੁਲਾਰ ਕੋਲ ਆਉਣ-ਜਾਣ ਸੀ। ਇਕ ਵਾਰ ਰਾਇ ਬੁਲਾਰ ਤੇ ਜੈ ਰਾਮ ਬੈਠੇ ਹਵੇਲੀ ਵਿਚ ਗੱਲਾਂ ਕਰ ਰਹੇ ਸਨ। ਰਾਇ ਬੁਲਾਰ ਦੀ ਹਵੇਲੀ ਸਾਹਮਣੇ ਖੂਹ ਸੀ, ਜਿੱਥੋਂ ਸਾਰੇ ਪਾਣੀ ਭਰਦੇ ਸਨ। ਬੇਬੇ ਨਾਨਕੀ ਪਾਣੀ ਭਰਨ ਆਈ ਤਾਂ ਜੈ ਰਾਮ ਨੇ ਰਾਇ ਬੁਲਾਰ ਨੂੰ ਪੁੱਛਿਆ ਕਿ ਇਹ ਕਿਸ ਦੀ ਲੜਕੀ ਹੈ। ਰਾਇ ਬੁਲਾਰ ਨੇ ਕਿਹਾ ਕਿ ਬੇਦੀ ਪਟਵਾਰੀ ਕਲਿਆਣ ਜੀ ਦੀ ਸੁਘੜ-ਨੇਕ ਧੀ ਹੈ। ਮੈਨੂੰ ਲੱਗਦਾ ਹੈ ਕਿ ਇਹ ਵਰ ਤੁਹਾਡੇ ਲਾਇਕ ਹੈ। ਤੁਸੀਂ ਆਪਣੇ ਪ੍ਰੋਹਿਤ ਨੂੰ ਸਾਡੇ ਪਾਸ ਭੇਜਣਾ, ਇਧਰੋਂ ਸਾਡੇ ਬੇਦੀਆਂ ਦੇ ਪ੍ਰੋਹਿਤ ਨੂੰ ਅਸੀਂ ਸੱਦ ਲਵਾਂਗੇ। ਇਕਬਾਲ ਸਿੰਘ ਆਪਣੀ ਪੁਸਤਕ, "ਮੁਸਲਮਾਣੁ ਕਹਾਵਣੁ ਮੁਸਕਲੁ" 'ਚ ਲਿਖਦੇ ਹਨ ਕਿ ਬੇਬੇ ਨਾਨਕੀ ਦੀ ਮੰਗਣੀ ਦਾ ਫੈਸਲਾ ਰਾਇ ਬੁਲਾਰ ਦੀ ਹਵੇਲੀ ਵਿਚ ਹੋਇਆ।

ਵਿਆਹ ਪਿਛੋਂ ਜੈਰਾਮ ਬੀਬੀ ਨਾਨਕੀ ਨੂੰ ਲੈ ਕੇ ਸਹੁਰੀਂ ਆਇਆ ਤਾਂ ਰਾਇ ਬੁਲਾਰ ਨੂੰ ਮਿਲਣ ਜਾ ਪਹੁੰਚਾ। ਜੈ ਰਾਮ ਨੇ ਖੁਸ਼ੀ 'ਚ ਕਿਹਾ, "ਬੁਲਾਰ ਸਾਹਿਬ ਜੇ ਮੈਂ ਤੁਹਾਡੀ ਕੋਈ ਖ਼ਿਦਮਤ ਕਰ ਸਕਦਾ ਹੋਵਾਂ ਤਾਂ ਦੱਸਣਾ।" ਰਾਇ ਬੁਲਾਰ ਨੇ ਜੈ ਰਾਮ ਨੂੰ ਕਿਹਾ, "ਤੁਹਾਡਾ ਸਹੁਰਾ ਸਾਹਿਬ ਬਹੁਤ ਹੀ ਸਖ਼ਤ ਸੁਭਾਅ ਦਾ ਹੈ, ਤੇ ਨਾਨਕ ਵਿਚਾਰਾ ਪੂਰਨ ਫ਼ਕੀਰ। ਜੇ ਤੁਸੀਂ ਉਸ ਨੂੰ ਆਪਣੇ ਪਾਸ ਰੱਖੋ ਤਾਂ ਭਲਾ ਹੋਊ।" ਜੈ ਰਾਮ ਕਹਿਣ ਲੱਗੇ, "ਹੁਣੇ ਹੀ ਆਪਣੇ ਨਾਲ ਲੈ ਜਾਂਦਾ ਹਾਂ।" ਰਾਇ ਬੁਲਾਰ ਬੋਲੇ ਕਿ "ਦੋ-ਤਿੰਨ ਮਹੀਨੇ ਤੱਕ ਭੇਜਾਂਗਾ, ਤੁਸੀਂ ਨਾਨਕ ਦੀ ਕੁੜਮਾਈ ਵੀ ਆਪਣੇ ਵੱਲ ਹੀ ਕਰਨੀ।"

ਵਕਤ ਬੀਤਦਾ ਗਿਆ। ਇਕ ਦਿਨ ਬਾਬਾ ਨਾਨਕ ਖੇਤੋਂ ਘਰ ਨੂੰ ਪਰਤ ਰਿਹਾ ਸੀ। ਰਾਹ 'ਚ ਉਨ੍ਹਾਂ ਦਾ ਮੇਲ ਇਕ ਸੰਨਿਆਸੀ ਨਾਲ ਹੋਇਆ। ਉਸ ਨੇ ਨਾਨਕ ਦੇ ਹੱਥ ਗੜਵਾ ਤੇ ਮੁੰਦੀ ਦੇਖ ਕੇ ਕਿਹਾ, "ਤੂੰ ਕੌਣ ਐਂ?" ਬਾਬੇ ਨਾਨਕ ਦਾ ਜਵਾਬ ਸੀ, "ਨਾਨਕ ਹਾਂ ਮੈਂ, ਨਿਰੰਕਾਰ ਦਾ ਮੁਰੀਦ।" ਸੰਨਿਆਸੀ ਇੰਨਾ ਸੁਣ ਕੇ ਬੋਲਿਆ, "ਮੈਂ ਵੀ ਨਿਰੰਕਾਰੀ ਹਾਂ, ਤੇ ਸਾਡੇ ਵਿਚ ਕੋਈ ਭੇਦ ਨ੍ਹੀਂ।" ਆਪਣੀ ਮੁੰਦਰੀ ਤੇ ਗੜਵਾ ਬਾਬੇ ਨੇ ਉਸ ਸੰਨਿਆਸੀ ਮੂਹਰੇ ਰੱਖ ਦਿੱਤਾ। ਸੰਨਿਆਸੀ ਬੋਲਿਆ, "ਮੈਂ ਤਾਂ ਨਕਲੀ ਸੰਨਿਆਸੀ ਹਾਂ, ਤੂੰ ਅਸਲੀ ਸੰਨਿਆਸੀ ਐਂ। ਮੈਂ ਇਨ੍ਹਾਂ ਦਾ ਹੱਕਦਾਰ ਨਹੀਂ।" ਬਾਬਾ ਨਾਨਕ ਖ਼ਾਲੀ ਹੱਥ ਘਰ ਪਰਤਿਆ ਦੇਖ ਪਿਤਾ ਫਿਰ ਕ੍ਰੋਧਿਤ ਹੋਏ। ਰਾਇ ਸਾਹਿਬ ਨੇ ਮੌਕਾ ਸਾਂਭਿਆ ਤੇ ਕਹਿਣ ਲੱਗੇ, ਆਪਾਂ ਨਾਨਕ ਨੂੰ ਭਾਈਆ ਜੈ ਰਾਮ ਕੋਲ ਘੱਲ ਦਿੰਦੇ ਹਾਂ। ਰਾਇ ਬੁਲਾਰ ਨੇ ਆਪਣੇ ਵੱਲੋਂ ਨਵਾਬ ਦੌਲਤ ਖ਼ਾਨ ਨੂੰ ਖ਼ਤ ਲਿਖਿਆ ਕਿ ਜਿਸ ਜੁਆਨ ਨੂੰ ਜੈ ਰਾਮ ਤੁਹਾਡੇ ਪਾਸ ਲੈ ਕੇ ਆ ਰਹੇ ਨੇ, ਉਸ ਨੂੰ ਆਦਰ ਸਹਿਤ ਚੰਗੀ ਨੌਕਰੀ ਦੇਣੀ। ਨਵਾਬ ਦੌਲਤ ਖ਼ਾਨ ਨੇ ਬਾਬਾ ਨਾਨਕ ਨੂੰ ਮੋਦੀਖਾਨੇ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਦਿੱਤੀ।

ਇਸ ਪਿੱਛੋਂ ਗੁਰੂ ਜੀ ਦੀਆਂ ਯਾਤਰਾਵਾਂ ਆਰੰਭ ਹੋਈਆਂ। ਬਾਬੇ ਨਾਨਕ ਦੇ ਸੰਗੀ ਸਨ ਭਾਈ ਮਰਦਾਨਾ ਜੀ। ਵਰ੍ਹੇ ਬੀਤ ਚੁੱਕੇ ਸਨ ਤਲਵੰਡੀ ਪਰਤਿਆਂ ਨੂੰ। ਇਕ ਦਿਨ ਭਾਈ ਲਾਲੋ ਦੇ ਘਰ ਠਹਿਰ ਕੀਤੀ "ਐਮਨਾਬਾਦ" ਤੇ ਭਾਈ ਮਰਦਾਨਾ ਨੂੰ ਕਿਹਾ ਕਿ ਉਹ ਤਲਵੰਡੀ ਜਾ ਕੇ ਪਰਿਵਾਰ ਦਾ ਹਾਲ ਪੁੱਛ ਆਉਣ। ਜਦੋਂ ਭਾਈ ਮਰਦਾਨਾ ਨੇ ਮਹਿਤਾ ਕਾਲੂ ਨੂੰ ਫਤਿਹ ਬੁਲਾਈ ਤਾਂ ਕਹਿਣ ਲੱਗੇ, "ਮਰਦਾਨਿਆ, ਦੇ ਨਾਨਕ ਦੀਆਂ ਖ਼ਬਰਾਂ।" ਮਰਦਾਨਾ ਜੀ ਬੋਲੇ, "ਕੀ ਦੱਸਾਂ ਜੀ, ਗਿਣਤੀ ਹੀ ਨ੍ਹੀਂ ਕੋਈ, ਤੁਹਾਡੇ ਘਰ ਸੂਰਜ, ਚੰਦ ਨੇ ਜਨਮ ਲਿਆ ਹੈ।" ਮਹਿਤਾ ਕਾਲੂ ਕਹਿੰਦੇ, "ਸੁਣ ਲੌ ਸਿਫਤਾਂ, ਮੇਰਾ ਨਾਮ ਡੋਬ'ਤਾ...।"

ਰਾਇ ਬੁਲਾਰ ਨੇ ਭਾਈ ਮਰਦਾਨਾ ਜੀ ਰਾਹੀਂ ਸੁਨੇਹਾ ਘੱਲ ਬਾਬਾ ਨਾਨਕ ਨੂੰ ਕੋਲ਼ ਸੱਦਿਆ। ਗੁਰੂ ਜੀ ਆਪਣੇ ਘਰ ਨਾ ਗਏ, ਸਿੱਧੇ ਰਾਇ ਬੁਲਾਰ ਕੋਲ਼ ਪਹੁੰਚੇ ਸਨ। ਉਹ ਗੱਲੀਂ-ਬਾਤੀਂ ਆਖ ਦਿੰਦੇ ਸਨ, "ਹੈ ਕੋਈ ਸਾਡੇ ਵਰਗਾ ਖ਼ੁਸ਼ਕਿਸਮਤ। ਅਸੀਂ ਉਹ ਕੁਝ ਦੇਖ ਲਿਆ, ਜਿਸ ਦੇ ਦਰਸ਼ਨਾਂ ਲਈ ਦੁਨੀਆਂ ਜੰਗਲਾਂ, ਭੋਰਿਆਂ 'ਚ ਤਪ ਕਰਦੀ ਫਿਰਦੀ ਐ।"

ਰਾਇ ਬੁਲਾਰ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਮੈਨੂੰ ਅੰਤਿਮ ਸਮੇਂ ਦਰਸ਼ਨਾਂ ਦੀ ਭੁੱਖ ਐ ਤੇ ਮੇਰਾ ਦੁਨੀਆਵੀ ਚੱਕਰ ਖ਼ਤਮ ਕਰੋ। ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤੇ, "ਅਕਾਲ ਪੁਰਖ ਤੁਹਾਡੇ ਅੰਗ-ਸੰਗ ਰਹੇਗਾ।" ਲਗਭਗ 1515 ਈ. ਵਿਚ ਰਾਇ ਬੁਲਾਰ ਸਾਹਿਬ ਅੱਲ੍ਹਾ ਨੂੰ ਪਿਆਰੇ ਹੋ ਗਏ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੀਆਂ ਪੀੜ੍ਹੀਆਂ ਅੱਜ ਵੀ ਲਹਿੰਦੇ ਪੰਜਾਬ ਵਿਚ ਰਹਿ ਰਹੀਆਂ ਹਨ।

## ਸਧਨਾ ਜੀ

ਸਧਨਾ ਜੀ ਕਸਾਈ ਮੁਸਲਮਾਨ ਸੀ ਤੇ ਭਗਤ ਨਾਮਦੇਵ ਦੇ ਸਮਕਾਲੀ, ਜਿਨ੍ਹਾਂ ਦਾ ਜਨਮ 1180 ਈ. ਨੂੰ ਸੇਵਾਨ (ਸਿੰਧ) ਪਾਕਿਸਤਾਨ ਵਿਚ ਹੋਇਆ। ਕਿੱਤੇ ਵਜੋਂ ਕਸਾਈ ਸਨ, ਪਰ ਭਗਤ ਬਿਰਤੀ ਦੇ ਹੋਣ ਕਰਕੇ ਸਾਧੂ-ਸੰਤਾਂ, ਫ਼ਕੀਰਾਂ ਦੇ ਅਨਮੋਲ ਬਚਨ ਸੁਣ ਕੇ ਆਪਣਾ ਜੀਵਨ ਸਫ਼ਲ ਕਰਨ ਦਾ ਯਤਨ ਕਰਦੇ ਸਨ।

ਇਕ ਵਾਰ ਮਾਸ ਵੇਚਦਿਆਂ ਇਕ ਅਜਿਹੀ ਘਟਨਾ ਵਾਪਰੀ ਤੇ ਉਨ੍ਹਾਂ ਨੇ ਮਾਸ ਦਾ ਧੰਦਾ ਛੱਡ ਦਿੱਤਾ। ਸਧਨਾ ਜੀ ਦੇ ਅੰਦਰ ਦੇ ਚਿਤ ਨੇ ਇਸਲਾਮੀ ਸ਼ਰਾ ਦੇ ਵਿਰੁੱਧ ਬੋਲਣ ਲਈ ਮਜਬੂਰ ਕਰ ਦਿੱਤਾ। ਸਮੇਂ ਦੇ ਬਾਦਸ਼ਾਹ ਨੇ ਸਧਨਾ ਜੀ ਨੂੰ ਕੰਧ 'ਚ ਚਿਣਾਉਣ ਦੀ ਸਜ਼ਾ ਸੁਣਾਈ। ਇਸ ਬੇਵਸੀ ਦੀ ਹਾਲਤ ਵਿਚ ਉਨ੍ਹਾਂ ਅਜਿਹਾ ਦਰਦ ਭਰਿਆ ਸ਼ਬਦ ਉਚਾਰਿਆ ਕਿ ਬਾਦਸ਼ਾਹ ਨੂੰ ਉਨ੍ਹਾਂ ਉਪਰ ਤਰਸ ਆ ਗਿਆ ਤੇ ਰਿਹਾਈ ਦਾ ਹੁਕਮ ਦੇ ਦਿੱਤਾ। ਉਹ ਸਿੰਧਾ ਦਾ ਇਲਾਕਾ ਛੱਡ ਕੇ ਨੀਲਗਿਰੀ (ਜਗਨ ਨਾਥ, ਉੜੀਸਾ) ਜਾ ਪਹੁੰਚੇ। ਇੱਥੇ ਉਨ੍ਹਾਂ ਨਾਲ ਇੱਕ ਅਜੀਬ ਘਟਨਾ ਘਟੀ ਦੱਸੀ ਜਾਂਦੀ ਹੈ ਕਿ ਇੱਕ ਔਰਤ ਉਨ੍ਹਾਂ 'ਤੇ ਮੋਹਿਤ ਹੋ ਗਈ। ਜਦੋਂ ਉਨ੍ਹਾਂ ਕੋਈ ਹੁੰਗਾਰਾ ਨਾ ਦਿੱਤਾ ਤਾਂ ਔਰਤ ਨੇ ਆਪਣੀ ਨਾਕਾਮੀ ਦਾ ਬਦਲਾ ਲੈਣਾ ਚਾਹਿਆ, ਪਰ ਬਾਦਸ਼ਾਹ ਨੇ ਔਰਤ ਨੂੰ ਜ਼ਮੀਨ ਵਿੱਚ ਗੱਡ ਦੇ ਮਰਵਾ ਦਿੱਤਾ। ਇੱਥੋਂ ਚੱਲ ਕੇ ਸਧਨਾ ਜੀ ਪੰਜਾਬ ਆ ਵਸੇ ਤੇ ਇਥੇ ਹੀ ਆਖ਼ਰੀ ਸਾਹ ਲਿਆ। ਉਨ੍ਹਾਂ ਦੀ ਯਾਦ ਵਿੱਚ ਸਰਹਿੰਦ ਵਿੱਚ ਫ਼ਤਿਹਗੜ੍ਹ ਸਾਹਿਬ ਖਾਲਸਾ ਕਾਲਜ ਦੇ ਪਿੱਛੇ ਖਸਤਾ ਹਾਲਤ ਵਿਚ ਮਕਬਰਾ ਮਜੂਦ ਹੈ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 858 ਉਤੇ ਰਾਗ ਬਿਲਾਵਲ ਵਿਚ ਦਰਜ ਹੈ,

ੴ ਸਤਿਗੁਰ ਪ੍ਰਸਾਦਿ॥
ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥1॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥1॥ ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥2॥
ਪ੍ਰਾਨ ਜੁ ਥਾਕੇ ਥਿਰੁ ਨਹੀਂ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥3॥
ਮੈਂ ਨਾਹੀ ਕਛੁ ਹਉ ਨਹੀਂ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥4॥1॥

ਗੁਰੂ ਗ੍ਰੰਥ ਸਾਹਿਬ ਵਿਚ ਇਹ ਜ਼ਿਕਰ ਵੀ ਮਿਲਦਾ ਹੈ ਕਿ ਭਗਤ ਰਵੀਦਾਸ ਜੀ ਉਨ੍ਹਾਂ ਨੂੰ ਯਾਦ ਕਰਦੇ ਹਨ,

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥ (ਅੰਗ 1106)

⇒ ਬਾਕੀ ਅਗਲੇ ਅੰਕ ਵਿੱਚ